Master Copy

# ਪੰਜਾਬ ਰਾਜ ਬਿਜਲੀ ਬੋਰਡ

## ਮਨਿਸਟੀਰੀਅਲ ਸੇਵਾਵਾਂ ਤੀਜੀ ਸ਼੍ਰੇਣੀ

## ਵਿਨਿਯਮ, 1985

Amended upto 30.6.05

For English Edition 1986 see Book No. 104/2

( ਮੁੜ–ਛਪਾਈ )

(31-1-2002 ਤੱਕ ਸੋਧਾਂ ਸਹਿਤ)

ਪ੍ਰਕਾਸ਼ਕ :-

ਸਕੱਤਰ, ਪੰਜਾਬ ਰਾਜ ਬਿਜਲੀ ਬੋਰਡ,

ਪਟਿਆਲਾ।

2002

ਕੀਮਤ :

# ਪੰਜਾਬ ਰਾਜ ਬਿਜਲੀ ਬੋਰਡ

ਦਫਤਰੀ ਆਦੇਸ਼ ਨੰ: 569/ਰੈਗੂ-29/ਜਿਲਦ-5 ਮਿਤੀ : 11-9-1985

ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 79-(ਸੀ) ਦੁਆਰਾ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਰਾਜ ਬਿਜਲੀ ਬੋਰਡ ਦੀ ਤੀਜੇ ਵਰਗ ਦੀ ਮਨਿਸਟੀਰੀਅਲ ਸੇਵਾਵਾਂ ਵਿੱਚ ਨਿਯੁਕਤ ਵਿਅਕਤੀਆਂ ਦੀ ਭਰਤੀ ਅਤੇ ਸੇਵਾ ਸ਼ਰਤਾਂ ਨੂੰ ਵਿਨਿਯਮਤ ਕਰਨ ਲਈ ਨਿਮਨ ਦਰਜ ਵਿਨਿਯਮ ਬਣਾ ਕੇ ਪ੍ਰਸੰਨਤਾ ਅਨੁਭਵ ਕਰਦਾ ਹੈ, ਉਦਾਹਰਣ ਵਜੋਂ :-

ਸੰਖੇਪ, ਸਿਰਲੇਖ, ਪ੍ਰਾਰੰਭਕਤਾ ਅਤੇ ਪ੍ਰਭਾਵ ਖੇਤਰ :

1 (i) ਇਹਨਾਂ ਵਿਨਿਯਮਾਂ ਨੂੰ ਪੰਜਾਬ ਰਾਜ ਬਿਜਲੀ ਬੋਰਡ ਮਨਿਸਟੀਰੀਅਲ ਸੇਵਾਵਾਂ ਤੀਜੀ ਸ਼੍ਰੇਣੀ ਵਿਨਿਯਮ, 1985 ਕਿਹਾ ਜਾਵੇਗਾ ।

(ii) ਇਹ ਤੁਰੰਤ ਲਾਗੂ ਹੋਣਗੇ ।

(iii) ਇਹ ਸੇਵਾ ਦੇ ਹਰੇਕ ਮੈਂਬਰ ਤੇ ਲਾਗੂ ਹੋਣਗੇ ।

ਪਰਿਭਾਸ਼ਾਵਾਂ

ਇਹਨਾਂ ਵਿਨਿਯਮਾਂ ਵਿੱਚ, ਜਦੋਂ ਤੱਕ ਪ੍ਰਸੰਗ ਵਿੱਚ ਹੋਰਵੇਂ ਜਰੂਰੀ ਨਾ ਹੋਵੇ :-

2. (ੳ) ''ਐਕਟ'' ਦਾ ਅਰਥ ਹੈ ਬਿਜਲੀ (ਸਪਲਾਈ) ਐਕਟ, 1948 (1948 ਦਾ LIV) ਅਤੇ ਸਮੇਂ ਸਮੇਂ ਤੇ ਇਹਨਾਂ ਵਿੱਚ ਕੀਤੇ ਗਏ ਕਾਨੂੰਨੀ ਸੰਸ਼ੋਧਨ, ਪਰਿਵਰਤਨ ਅਤੇ ਪੁਨਰ ਨਿਰਮਾਣ ਸ਼ਾਮਲ ਹਨ।

(ਅ) ''ਨਿਯੁਕਤੀ ਅਧਿਕਾਰੀ'' ਦਾ ਅਰਥ ਹੈ ਸੇਵਾ ਵਿੱਚ ਨਿਯੁਕਤੀ ਕਰਨ ਦੇ ਲਈ ਸਮਰੱਥ ਅਧਿਕਾਰੀ ।

(ੲ) ''ਬੋਰਡ'' ਦਾ ਅਰਥ ਹੈ ਐਕਟ ਦੀ ਧਾਰਾ-5 ਦੇ ਅਧੀਨ ਸਥਾਪਿਤ ਪੰਜਾਬ ਰਾਜ ਬਿਜਲੀ ਬੋਰਡ ਅਤੇ ਇਸ ਦੇ ਉਤਰਾਧਿਕਾਰੀ ਅਤੇ ਪ੍ਰਤਿਨਿਧ ।

(ਸ) ''ਸੰਵਿਧਾਨ'' ਦਾ ਅਰਥ ਹੈ ਭਾਰਤ ਦਾ ਸੰਵਿਧਾਨ ।

(ਹ) ''ਸੰਯੁਕਤ ਸਰਕਲ ਕਾਡਰ'' ਵਿੱਚ ਉਹ ਸਾਰੇ ਪਦ ਸ਼ਾਮਲ ਹਨ ਜਿਹੜੇ ਅਨੁਲਗ-ਅ ਦੇ ਭਾਗ-II ਵਿੱਚ ਉਲਿਖਿਤ ਹਨ ।

(ਕ) ''ਸਿੱਧੀ ਨਿਯੁਕਤੀ'' ਦਾ ਅਰਥ ਅਜਿਹੀ ਨਿਯੁਕਤੀ ਹੈ ਜੋ ਸੇਵਾ ਦੇ ਕਿਸੇ ਮੈਂਬਰ ਦੀ ਪਦ-ਉਨਤੀ ਅਤੇ ਕਿਸੇ ਹੋਰ ਰਾਜ ਬਿਜਲੀ ਬੋਰਡ ਜਾਂ ਸਰਕਾਰ ਜਾਂ ਕਿਸੇ ਹੋਰ ਦੂਜੀ ਸਰਕਾਰੀ ਸੰਸਥਾ ਵਿੱਚ ਸੇਵਾ ਕਰ ਰਹੇ ਕਰਮਚਾਰੀ ਦੀ ਬਦਲੀ ਦੁਆਰਾ ਨਿਯੁਕਤੀ ਨੂੰ ਛੱਡ ਕੇ ਕੀਤੀ ਗਈ ਹੋਵੇ ।

(ਖ) ''ਸਰਕਾਰ'' ਦਾ ਅਰਥ ਪੰਜਾਬ ਰਾਜ ਦੀ ਸਰਕਾਰ ਹੈ ।

(ਗ) ''ਮੁੱਖ ਦਫਤਰ'' ਵਿੱਚ ਬੋਰਡ ਦੀ ਸਕੱਤਰੇਤ, ਮਹਾਂ ਪ੍ਰਬੰਧਕ, ਮੁੱਖ ਇੰਜੀਨੀਅਰ, ਮੁੱਖ ਲੇਖਾ ਅਫਸਰ, ਮੁੱਖ ਲੇਖਾ-ਪੜਤਾਲਕਾਰ, ਵਿੱਤੀ ਸਲਾਹਕਾਰ, ਐਸ.ਐਸ. ਪੀ. (ਚੌਕਸੀ ਤੇ ਸੁਰੱਖਿਆ) ਅਤੇ ਅਜਿਹੇ ਸਾਰੇ ਦਫਤਰ ਜੋ ਸਮੇਂ-ਸਮੇਂ ਤੇ ਬੋਰਡ ਦੁਆਰਾ ਉਲਿਖਿਤ ਕੀਤੇ ਜਾਣ, ਸ਼ਾਮਲ ਹਨ:

(ਘ) ''ਮੁੱਖ ਦਫਤਰ ਕਾਡਰ'' ਵਿੱਚ ਅਜਿਹੇ ਸਾਰੇ ਪਦ ਸ਼ਾਮਲ ਹਨ ਜਿਹਨਾਂ ਦਾ ਉਲੇਖ ਅਨੁਲਗ-ਅ ਦੇ ਭਾਗ-I ਵਿੱਚ ਕੀਤਾ ਗਿਆ ਹੈ ।

(ਙ) ''ਸੰਯੁਕਤ ਏਕੀਕਰਣ ਕਾਡਰ'' ਵਿੱਚ ਅਜਿਹੇ ਸਾਰੇ ਪਦ ਸ਼ਾਮਲ ਹਨ ਜਿਹਨਾਂ ਦਾ ਉਲੇਖ ਅਨੁਲਗ-ਅ ਦੇ ਭਾਗ-III ਵਿੱਚ ਕੀਤਾ ਗਿਆ ਹੈ ।

(ਚ) ''ਮਾਨਤਾ - ਪ੍ਰਾਪਤ ਵਿਸ਼ਵਵਿਦਿਆਲਾ (ਯੂਨੀਵਰਸਿਟੀ)'' ਦਾ ਅਰਥ ਹੈ, ਭਾਰਤ ਵਿੱਚ ਕਾਨੂੰਨ ਦੁਆਰਾ ਸਥਾਪਿਤ ਵਿਸ਼ਵਵਿਦਿਆਲਾ/ਜਾਂ ਕੋਈ ਹੋਰ ਦੂਜੀ ਵਿਸ਼ਵਵਿਦਿਆਲਾ ਜਿਸਨੂੰ ਸਰਕਾਰ ਦੁਆਰਾ ਇਹਨਾਂ ਵਿਨਿਯਮਾਂ ਦੇ ਉਦੇਸ਼ ਨਾਲ ਮਾਨਤਾ ਪ੍ਰਦਾਨ ਕੀਤੀ ਗਈ ਹੋਵੇ ।

(ਛ) ''ਸੇਵਾ'' ਦਾ ਅਰਥ ਹੈ ਪੰਜਾਬ ਰਾਜ ਬਿਜਲੀ ਬੋਰਡ ਤੀਜੀ ਸ਼੍ਰੇਣੀ ਮਨਿਸਟੀਰੀਅਲ ਸੇਵਾਵਾਂ ।

(ਜ) ''ਚੋਣ ਕਮੇਟੀ'' ਦਾ ਅਰਥ ਹੈ, ਸੇਵਾ ਵਿੱਚ ਸਿੱਧੀ ਨਿਯੁਕਤੀ ਦੇ ਲਈ ਉਮੀਦਵਾਰਾਂ ਦੀ ਚੋਣ ਦੇ ਉਦੇਸ਼ ਨਾਲ ਬੋਰਡ ਦੁਆਰਾ ਗਠਿਤ ਕਮੇਟੀ ।

(ਝ) ''ਮਾਤਹਿਤ ਦਫਤਰ'' ਦਾ ਅਰਥ ਹੈ, ਮੁੱਖ ਦਫਤਰ ਨੂੰ ਛੱਡ ਕੇ ਬੋਰਫ ਦੇ ਅਧੀਨ ਸਾਰੇ ਦਫਤਰ।

ਸੇਵਾ ਦਾ ਕਾਡਰ ਅਤੇ ਇਸ ਵਿੱਚ ਸ਼ਾਮਲ ਆਸਾਮੀਆਂ ਦੀ ਵਿਸ਼ੇਸ਼ਤਾ

3. (1) ਸੇਵਾ ਵਿੱਚ ਉਹ ਸਾਰੀਆਂ ਆਸਾਮੀਆਂ ਸ਼ਾਮਲ ਹੋਣਗੀਆਂ ਜਿਹਨਾਂ ਦਾ ਉਲੇਖ ਇਹਨਾਂ ਵਿਨਿਯਮਾਂ ਦੀ ਅਨੁਲਗ-ੳ ਵਿੱਚ ਕੀਤਾ ਗਿਆ ਹੈ ।

ਪਰ ਸ਼ਰਤ ਇਹ ਹੈ ਕਿ ਸਮੇਂ-ਸਮੇਂ ਤੇ ਅਜਿਹੀਆਂ ਆਸਾਮੀਆਂ ਦੀ ਗਿਣਤੀ ਵਿੱਚ ਵਾਧਾ, ਕਟੌਤੀ ਜਾਂ ਭਿੰਨ-ਭਿੰਨ ਨਾਂਵਾਂ ਜਾਂ ਤਨਖਾਹ ਦੇ ਸਕੇਲਾਂ ਦੇ ਨਾਲ, ਸਥਾਈ ਜਾਂ ਅਸਥਾਈ ਤੌਰ ਤੇ ਨਵੀਆਂ ਆਸਾਮੀਆਂ ਦੇ ਰਚਣ ਦੇ ਨਿਹਿਤ ਅਧਿਕਾਰ ਨੂੰ ਇਹ ਵਿਨਿਯਮ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀ ਕਰਨਗੇ ।

(2) ਬੋਰਡ ਦੇ ਅਧੀਨ ਮਨਿਸਟੀਰੀਅਲ ਕਲੈਰੀਕਲ ਆਸਾਮੀਆਂ ਲਈ ਤਿੰਨ ਕਾਡਰ ਹੋਣਗੇ, ਅਰਥਾਤ ਮੁੱਖ ਦਫਤਰ ਕਾਡਰ, ਸੰਯੁਕਤ ਸਰਕਲ ਕਾਡਰ ਅਤੇ ਸੰਯੁਕਤ ਏਕੀਕਰਣ ਕਾਡਰ । ਇਹਨਾ ਤਿੰਨਾਂ ਕਾਡਰਾਂ ਵਿੱਚ ਅਨੁਲਗ-''ਅ'' (ਭਾਗ-1), (ਭਾਗ-।।) ਅਤੇ (ਭਾਗ-।।।) ਵਿੱਚ ਉਲਿਖਿਤ ਆਸਾਮੀਆਂ ਦੀਆਂ ਸ਼੍ਰੇਣੀਆਂ ਸ਼ਾਮਲ ਹੋਣਗੀਆਂ । ਮੁੱਖ ਦਫਤਰ ਕਾਡਰ ਅਤੇ ਸੰਯੁਕਤ ਸਰਕਲ ਕਾਡਰ ਵਿੱਚ ਉੱਚ ਸ਼੍ਰੇਣੀ ਕਲਰਕ,

ਹੇਠਲੀ ਸ਼੍ਰੇਣੀ ਕਲਰਕ ਦੀ ਭਰਤੀ ਨਹੀਂ ਕੀਤੀ ਜਾਵੇਗੀ ਕਿਉਂਕਿ ਇਹ ਘੱਟਦੇ ( diminishing) ਕਾਡਰ ਹਨ । ਅਜਿਹੀ ਭਰਤੀ ਸੰਯੁਕਤ ਏਕੀਕਰਣ ਕਾਡਰ ਵਿੱਚ ਕੀਤੀ ਜਾਵੇਗੀ ।

ਨਿਯੁਕਤੀ ਅਧਿਕਾਰੀ

4. ਸੇਵਾ ਵਿੱਚ ਨਿਯੁਕਤੀ, ਅਨੁਲਗ-ੲ ਵਿੱਚ ਦਰਸਾਏ ਅਧਿਕਾਰੀ ਦੁਆਰਾ ਕੀਤੀ ਜਾਵੇਗੀ ।

ਸੇਵਾ ਵਿੱਚ ਨਿਯੁਕਤੀ ਉਮੀਦਵਾਰਾਂ ਦੀ ਰਾਸ਼ਟਰੀਅਤਾ, ਨਿਵਾਸ ਸਥਾਨ ਅਤੇ ਆਚਰਣ:

5. (1) ਕਿਸੇ ਵੀ ਉਮੀਦਵਾਰ ਨੂੰ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ ਜੇਕਰ ਉਹ :

(ੳ) ਭਾਰਤ ਦਾ ਨਾਗਰਿਕ ਨਹੀਂ ਹੈ. ਜਾਂ

(ਅ) ਨੇਪਾਲ ਦਾ ਨਾਗਰਿਕ ਨਹੀਂ ਹੈ. ਜਾਂ

(ੲ) ਭੂਟਾਨ ਦਾ ਨਾਗਰਿਕ ਨਹੀਂ ਹੈ. ਜਾਂ

(ਸ) ਤਿੱਬਤੀ ਸ਼ਰਣਾਰਥੀ ਨਹੀਂ ਹੈ ਜੋ ਭਾਰਤ ਵਿੱਚ ਸਥਾਈ ਰੂਪ ਨਾਲ ਰਹਿਣ ਦੀ ਇੱਛਾ ਨਾਲ ਪਹਿਲੀ ਜਨਵਰੀ, 1962 ਤੋਂ ਪਹਿਲਾਂ ਭਾਰਤ ਆਇਆ ਹੋਵੇ; ਜਾਂ

(ਹ) ਭਾਰਤੀ ਮੂਲ ਦਾ ਵਿਅਕਤੀ ਨਹੀਂ ਹੈ ਜਿਹੜਾ ਪਾਕਿਸਤਾਨ, ਬਰਮਾ, ਸ੍ਰੀਲੰਕਾ ਅਤੇ ਪੂਰਬੀ ਅਫਰੀਕਾ ਦੇ ਦੇਸ਼ਾਂ ਕੀਨੀਆ, ਯੁਗੰਡਾ ਅਤੇ ਤਨਜਾਨੀਆਂ (ਇਸ ਤੋਂ ਪਹਿਲਾਂ ਤੰਗਨਾਇਕਾ ਅਤੇ ਜੰਜੀਬਾਰ), ਜਾਂਬੀਆ, ਮਲਾਵੀ, ਜ਼ਾਇਰੇ, ਇਥੋਪੀਆ ਅਤੇ ਵੀਅਤਨਾਮ ਤੋਂ ਸਥਾਈ ਰੂਪ ਵਿੱਚ ਭਾਰਤ ਵਿੱਚ ਰਹਿਣ ਦੀ ਇੱਛਾ ਨਾਲ ਆਇਆ ਹੋਵੇ,

ਪਰ ਸ਼ਰਤ ਇਹ ਹੈ ਕਿ (ਅ), (ੲ), (ਸ), ਅਤੇ (ਹ) ਸ਼੍ਰੇਣੀਆਂ ਨਾਲ ਸਬੰਧਿਤ ਉਮੀਦਵਾਰ ਉਹ ਵਿਅਕਤੀ ਹੋਵੇਗਾ ਜਿਸ ਦੇ ਹੱਕ ਵਿੱਚ ਭਾਰਤ ਸਰਕਾਰ ਦੁਆਰਾ ਯੋਗਤਾ (Eligibility) ਦਾ ਪ੍ਰਮਾਣ ਪੱਤਰ ਜਾਰੀ ਕੀਤਾ ਗਿਆ ਹੋਵੇਗਾ ।

(2) ਅਜਿਹਾ ਉਮੀਦਵਾਰ, ਜਿਸ ਦੇ ਸਬੰਧ ਵਿੱਚ ਯੋਗਤਾ ਦਾ ਪ੍ਰਮਾਣ-ਪੱਤਰ ਜਰੂਰੀ ਹੈ, ਦੇ ਕੇਸ ਵਿੱਚ ਬੋਰਡ ਜਾਂ ਹੋਰ ਦੂਜੇ ਭਰਤੀ ਕਰਨ ਵਾਲੇ ਅਧਿਕਾਰੀ ਦੁਆਰਾ ਲਈ ਜਾਣ ਵਾਲੀ ਪ੍ਰੀਖਿਆ ਜਾਂ ਇੰਟਰਵਿਊ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਪਰੰਤੂ ਨਿਯੁਕਤੀ ਦੀ ਪੇਸ਼ਕਸ਼ ਕੇਵਲ ਭਾਰਤ ਸਰਕਾਰ ਦੁਆਰਾ ਉਸਨੂੰ ਲੋੜੀਂਦੇ ਯੋਗਤਾ ਪ੍ਰਮਾਣ-ਪੱਤਰ ਪ੍ਰਦਾਨ ਕਰਨ ਤੋਂ ਬਾਅਦ ਹੀ ਦਿੱਤੀ ਜਾਵੇਗੀ ।

(3) ਕਿਸੇ ਵਿਅਕਤੀ ਨੂੰ ਉਦੋਂ ਤੱਕ ਕਿਸੇ ਵੀ ਸੇਵਾ ਵਿੱਚ ਸਿੱਧੀ ਨਿਯੁਕਤੀ ਦੁਆਰਾ ਭਰਤੀ ਨਹੀਂ

ਕੀਤਾ ਜਾਵੇਗਾ, ਜਦੋਂ ਤੱਕ ਕਿ ਉਹ ਉਸ ਯੂਨੀਵਰਸਿਟੀ, ਕਾਲਜ, ਸਕੂਲ ਜਾਂ ਸੰਸਥਾ, ਜੇਕਰ ਕੋਈ ਹੋਵੇ, ਜਿਸ ਵਿੱਚ ਉਹ ਸਭ ਤੋ ਬਾਅਦ ਵਿੱਚ ਪੜ੍ਹਿਆ ਹੋਵੇ, ਦੇ ਮੁੱਖ ਵਿਦਿਅਕ ਅਧਿਕਾਰੀ ਤੋਂ ਆਚਰਣ ਦਾ ਸਰਟੀਫਿਕੇਟ ਅਤੇ ਅਜਿਹੇ ਦੋ ਜ਼ਿੰਮੇਵਾਰ ਵਿਅਕਤੀਆਂ ਤੋਂ, ਜੋ ਉਸ ਦੇ ਰਿਸ਼ਤੇਦਾਰ ਨਾ ਹੋਣ ਅਤੇ ਜਿਹੜੇ ਉਸਦੇ ਨਿੱਜੀ ਜੀਵਨ ਤੋਂ ਭਲੀ-ਭਾਂਤ ਜਾਣੂ ਹੋਣ ਅਤੇ ਜਿਹੜੇ ਉਸ ਯੂਨੀਵਰਸਿਟੀ, ਕਾਲਜ, ਸਕੂਲ ਜਾਂ ਸੰਸਥਾ ਨਾਲ ਸੰਬਧਿਤ ਨਾ ਹੋਣ, ਤੋਂ ਇਸੇ ਪ੍ਰਕਾਰ ਦੇ ਸਰਟੀਫਿਕੇਟ ਪੇਸ਼ ਨਹੀਂ ਕਰਦਾ ।

ਕੋਈ ਵੀ ਅਜਿਹਾ ਵਿਅਕਤੀ :

6. (1) (ੳ) ਜਿਸਨੇ ਕਿਸੇ ਅਜਿਹੇ ਵਿਅਕਤੀ ਨਾਲ ਸ਼ਾਦੀ ਕੀਤੀ ਹੋਵੇ ਜਾਂ ਸਗਾਈ ਕੀਤੀ ਹੋਵੇ ਜਿਸ ਦਾ ਪਤੀ ਜਾਂ ਪਤਨੀ ਜੀਵਤ ਹੋਵੇ, ਜਾਂ

(ਅ) ਜਿਸ ਨੇ ਪਤੀ ਜਾਂ ਪਤਨੀ ਦੇ ਜੀਵਤ ਹੁੰਦੇ ਹੋਏ ਕਿਸੇ ਵੀ ਵਿਅਕਤੀ ਨਾਲ ਸ਼ਾਦੀ ਕੀਤੀ ਹੋਵੇ ਜਾਂ ਸਗਾਈ ਕੀਤੀ ਹੋਵੇ, ਸੇਵਾ ਵਿੱਚ ਨਿਯੁਕਤੀ ਲਈ ਅਯੋਗ ਹੋਵੇਗਾ ।

ਪਰ ਸ਼ਰਤ ਇਹ ਹੈ ਕਿ ਜੇਕਰ ਬੋਰਡ ਸੰਤੁਸ਼ਟ ਹੋਵੇ ਕਿ ਅਜਿਹੀ ਸ਼ਾਦੀ ਇਸ ਨਾਲ ਸਬੰਧਿਤ ਦੂਜੀ ਧਿਰ ਤੇ ਲਾਗੂ ਹੋਣ ਵਾਲੇ ਨਿੱਜੀ ਕਾਨੂੰਨ ਦੇ ਅਧੀਨ ਉਚਿਤ ਹੈ ਅਤੇ ਅਜਿਹਾ ਕਰਨ ਦੇ ਲਈ ਹੋਰ ਵੀ ਆਧਾਰ ਹਨ, ਤਾਂ ਬੋਰਡ ਉਸ ਵਿਅਕਤੀ ਨੂੰ ਇਸ ਵਿਨਿਯਮ ਦੇ ਪ੍ਰਭਾਵ ਤੋਂ ਮੁਕਤ ਕਰ ਸਕਦਾ ਹੈ ।

(2) ਨਿਯੁਕਤੀ ਅਧਿਕਾਰੀ ਖੁਦ ਨੂੰ ਇਸ ਨਾਲ ਸੰਤੁਸ਼ਟ ਕਰੇਗਾ ਕਿ ਉਸ ਵਿਅਕਤੀ ਦਾ ਚੱਰਿਤਰ ਅਤੇ ਪੂਰਵ -ਚਰਿੱਤਰ ਅਜਿਹੇ ਹਨ ਜੋ ਉਸਨੂੰ ਸੇਵਾ ਵਿੱਚ ਨਿਯੁਕਤੀ ਦੇ ਲਈ ਯੋਗ ਬਣਾਉਂਦੇ ਹਨ ।

(3) ਉਹ ਸਰਕਾਰੀ/ਬੋਰਡ ਦਾ/ਸਰਕਾਰੀ ਅਦਾਰੇ ਦਾ ਨੌਕਰੀ ਤੋਂ ਬਰਖਾਸਤ ਕਰਮਚਾਰੀ ਜਾਂ ਨੈਤਿਕ ਭ੍ਰਿਸ਼ਟਾਚਾਰ ਦੇ ਅਪਰਾਧ ਕਾਰਣ ਦੰਡਿਤ ਵਿਅਕਤੀ ਨਹੀਂ ਹੈ ।

ਉਮਰ ਦੀ ਹੱਦ :

7.(1) ਕੋਈ ਵੀ ਵਿਅਕਤੀ ਜੇਕਰ ਉਹ ਬਿਨੈ-ਪੱਤਰ ਦੇਣ ਦੀ ਅੰਤਿਮ ਮਿਤੀ ਦੇ ਤੁਰੰਤ ਪੂਰਵ-ਵਰਤੀ ਸਾਲ ਦੀ ਜਨਵਰੀ ਦੀ ਪਹਿਲੀ ਮਿਤੀ ਨੂੰ 18 ਤੋਂ ਘੱਟ ਜਾਂ 30 ਸਾਲ ਤੋਂ ਵੱਧ ਉਮਰ ਦਾ ਹੋਵੇਗਾ ਜਾਂ ਜਦੋਂ ਤੱਕ ਉਹ ਬੋਰਡ ਦੁਆਰਾ ਸਮੇਂ-ਸਮੇਂ ਤੇ ਵਿਸ਼ੇਸ਼ ਤੌਰ ਤੇ ਨਿਸ਼ਚਿਤ ਘੱਟੋ-ਘੱਟ ਅਤੇ ਵੱਧ ਤੋਂ ਵੱਧ ਉਮਰ ਦੀ ਹੱਦ ਦੇ ਅੰਤਰਗਤ ਨਹੀਂ ਆਉਂਦਾ ਤਾਂ ਉਸਨੂੰ ਸਿੱਧੀ ਨਿਯੁਕਤੀ ਦੁਆਰਾ

## ਯੋਗਤਾਵਾਂ ਅਤੇ ਨਿਯੁਕਤੀ ਦਾ ਢੰਗ

8. ਸੇਵਾ ਵਿੱਚ ਭਿੰਨ ਭਿੰਨ ਸ਼੍ਰੇਣੀਆਂ ਦੀਆਂ ਆਸਾਮੀਆਂ ਦੇ ਲਈ ਲੋੜੀਂਦੀਆਂ ਘੱਟੋ-ਘੱਟ ਵਿਦਿਅਕ ਅਤੇ ਹੋਰ ਦੂਜੀਆਂ ਯੋਗਤਾਵਾਂ ਤੇ ਤਜਰਬਾ ਅਤੇ ਨਿਯੁਕਤੀ ਦਾ ਢੰਗ ਹੇਠ ਦਿੱਤੇ ਅਨੁਸਾਰ ਹੈ :-

| ਕ੍ਰਮ ਨੰ: | ਆਸਾਮੀ ਦਾ ਨਾਂ | ਨਿਯੁਕਤੀ ਦਾ ਢੰਗ | ਘੱਟੋ-ਘੱਟ ਵਿਦਿਅਕ ਅਤੇ ਹੋਰ ਦੂਜੀਆਂ ਯੋਗਤਾਵਾਂ | ਘੱਟੋ-ਘੱਟ ਤਜਰਬਾ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 1. | ਸੁਪਰਡੈਂਟ ਗਰੇਡ-।। | i) ਮੁੱਖ ਦਫਤਰ ਵਿੱਚ ਸੀਨੀਅਰ ਸਹਾਇਕਾਂ ਤੋਂ ਤਰੱਕੀ ਦੁਆਰਾ | ਮਨਿਸਟੀਰੀਅਲ ਕਰਮਚਾਰੀਆਂ ਦੇ ਲਈ ਨਿਰਧਾਰਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਤੋਂ ਮਗਰੋਂ ਜੇਕਰ ਪਹਿਲਾਂ ਹੀ ਪਾਸ ਨਾ ਕੀਤੀ ਹੋਵੇ ਜਾਂ ਵਿਸ਼ੇਸ਼ ਰੂਪ ਵਿੱਚ ਛੋਟ ਨਾ ਦਿੱਤੀ ਗਈ ਹੋਵੇ। | ਮੁੱਖ ਦਫਤਤਰ ਸਹਾਇਕ ਦੇ ਤੌਰ ਤੇ 8 ਸਾਲਾਂ ਦੀ ਸੇਵਾ | |
| 2. | ਮੁੱਖ ਦਫਤਰ ਸਹਾਇਕ | i) ਮੁੱਖ ਦਫਤਰ ਕਾਡਰ ਵਿੱਚ ਸ਼ਾਮਲ ਉੱਚ ਸ਼੍ਰੇਣੀ ਕਲਰਕਾਂ ਤੋਂ ਤੱਰਕੀ ਦੁਆਰਾ<br><br>ii) ਮੁੱਖ ਦਫਤਰ ਕਾਡਰ ਵਿੱਚ ਸ਼ਾਮਲ ਉਹਨਾਂ ਉੱਚ ਸ਼੍ਰੇਣੀ ਕਲਰਕਾਂ ਦੀ ਪਦ-ਉੱਨਤੀ ਦੁਆਰਾ ਜਿਹਨਾਂ ਨੇ ਵਿਭਾਗੀ ਲੇਖਾ ਪ੍ਰੀਖਿਆ ਪਾਸ ਨਹੀਂ ਕੀਤੀ ਅਤੇ ਜਿਹਨਾਂ ਨੂੰ ਉਹਨਾਂ ਲਈ | ਮਨਿਸਟੀਰੀਅਲ ਕਰਮਚਾਰੀਆਂ ਦੇ ਲਈ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਤੋਂ ਮਗਰੋਂ । | ਉੱਚ ਸ਼੍ਰੇਣੀ ਕਲਰਕ ਵਜੋਂ 3 ਸਾਲਾ ਦੀ ਸੇਵਾ ।<br><br>ਹੇਠਲੀ ਸ਼੍ਰੇਣੀ ਕਲਰਕ/ ਉੱਚ ਸ਼੍ਰੇਣੀ ਕਲਰਕ ਦੇ ਤੌਰ ਤੇ 12 ਸਾਲਾਂ ਦੀ ਸੇਵਾ ਜਿਸ ਵਿਚੋਂ 3 ਸਾਲਾਂ ਦੀ ਸੇਵਾ ਉੱਚ ਸ਼੍ਰੇਣੀ ਕਲਰਕ ਦੇ ਤੌਰ ਤੇ ਜਰੂਰੀ ਹੈ । | i) ਮੁੱਖ ਦਫਤਰ ਸਹਾਇਕ ਦੇ ਤੌਰ ਤੇ ਉੱਚ ਸ਼੍ਰੇਣੀ ਕਲਰਕਾਂ ਨੂੰ ਪਦ - ਉੱਨਤੀ ਉਹਨਾਂ ਦੀ ਕੁਲ ਸੰਖਿਆ ਅਤੇ ਸੰਯੁਕਤ ਏਕੀਕਰਣ ਉੱਚ ਸ਼੍ਰੇਣੀ ਕਲਰਕਾਂ ਜਮ੍ਹਾਂ ਸਰਕਲ ਸਹਾਇਕਾਂ/ਏ.ਆਰ.ਏਜ਼ ਦੀ ਕੁਲ ਸੰਖਿਆ ਦੇ ਵਿੱਚ ਅਨੁਪਾਤ ਦੇ ਅਨੁਸਾਰ ਦਿੱਤੀ ਜਾਵੇਗੀ। 20%ਨਿਰਧਾਰਿਤ ਆਸਾਮੀਆਂ ਤੇ ਪਦ-ਉੱਨਤ ਕਰਮਚਾਰੀ ਅਗਲੀਆਂ ਉਚੇਰੀਆਂ ਅਸਾਮੀਆਂ ਤੇ ਅਗਲੀ ਪਦ-ਉੱਨਤੀ ਦੇ ਲਈ ਉਦੋਂ ਤੱਕ ਯੋਗ ਨਹੀਂ ਹੋਣਗੇ |

A M E N D M E N T

ਨੋ. ਨੰ 911 | 19.1.2004

Regulation-8 QUALIFICATIONS AND MODE OF APPOINTMENT : 1/2004

Sr No. 2 HEAD OFFICE ASSISTANT

" Clause (ii) under remarks column (Column-6) has been deleted."

ਇਹ ਸੋਧ ਮਿਤੀ :2.6.87 ਤੋ ਲਾਗੂ ਸਮਝੀ ਜਾਵੇ ਜੀ।

ਦੁਆਰਾ ਜੋ ਮੁੱਖ ਦਫਤਰ ਸਹਾਇਕ ਦੇ ਤੌਰ ਤੇ ਪਦ-ਉੱਨਤੀ ਦੀ ਚੋਣ ਕਰਨ ।

ਹੀ ਪਾਸ ਨਾ ਹੋਵੇ ਜਾਂ ਵਿਸ਼ੇਸ਼ ਤੌਰ ਤੇ ਛੋਟ ਨਾ ਦਿੱਤੀ ਗਈ ਹੋਵੇ ।

.ਲਰਕ ... ਤੌਰ ਤੇ ਕੁਲ ਮਿਲਾ ਕੇ 3 ਸਾਲਾਂ ਦੀ ਸੇਵਾ ਜਿਸ ਵਿੱਚੋਂ ਘੱਟ ਤੋਂ ਘੱਟ ਇੱਕ ਸਾਲ ਦੀ ਸੇਵਾ ਸਰਕਲ ਸਹਾਇਕ/ਏ. ਆਰ.ਏ. ਦੇ ਤੌਰ ਤੇ ਹੋਣੀ ਜਰੂਰੀ ਹੈ ।



ਜਦੋਂ ਤੱਕ ਕਿ ਉਹ ਮਨਿ-ਸਟੀਰੀਅਲ ਕਰਮਚਾਰੀਆਂ ਦੇ ਲਈ ਨਿਰਧਾਰਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਨਹੀਂ ਕਰਦੇ ।

ii) ਉੱਚ ਸ਼੍ਰੇਣੀ ਕਲਰਕਾਂ ਦੀਆਂ ਆਸਾਮੀਆਂ ਤੋਂ ਮੁੱਖ ਦਫਤਰ ਸਹਾਇਕ ਜਾਂ ਸਰਕਲ ਸਹਾਇਕ/ਏ.ਆਰ. ਏ. ਦੀਆਂ ਆਸਾਮੀਆਂ ਤੇ ਪਦ-ਉੱਨਤੀ ਦੇ ਲਈ ਅਵਸਥਾ ਅਨੁਸਾਰ ਹਰੇਕ ਤਿੰਨ ਖਾਲੀ ਆਸਾਮੀਆਂ ਵਿਚੋਂ ਇੱਕ ਆਸਾਮੀ ਗ੍ਰੈਜੂਏਟਾਂ ਨੂੰ ਇਸ ਸ਼ਰਤ ਤੇ ਦਿੱਤੀ ਜਾਵੇਗੀ ਕਿ ਉਹ ਹੋਰਵੇ ਵੀ ਮੁੱਖ ਦਫਤਰ ਸਹਾਇਕ ਜਾਂ ਸਰਕਲ ਸਹਾਇਕ/ਏ. ਆਰ.ਏ ਕੇ ਤੌਰ ਤੇ ਪਦ ਉਨੱਤੀ ਦੇ ਲਈ ਯੋਗ/ਉਚਿਤ ਹਨ। ਪਦ-ਉਨਤੀ 2 : 1 ਦੇ ਅਨੁਪਾਤ ਵਿੱਚ ਕੀਤੀ ਜਾਵਗੀ ਅਰਥਾਤ ਪਹਿਲੀਆਂ ਦੋ ਖਾਲੀ ਆਸਾਮੀਆਂ ਗੈਰ-ਗ੍ਰੈਜੂਏਟਾਂ ਨੂੰ ਦਿੱਤੀਆਂ ਜਾਣਗੀਆਂ ਅਤੇ

Deleted vide ਨੋ.ਨੰ 911/19.1.2004 (1/2004)

| 1 | 2 | 3 | 4 | 5 | 6 |
|---|---|---|---|---|---|
| | | | | | ਤੀਜੀ ਖਾਲੀ ਆਸਾਮੀ ਗ੍ਰੈਜੂਏਟਾਂ ਨੂੰ ਦਿੱਤੀ ਜਾਵੇਗੀ । iii) ਸਰਕਲ ਸਹਾਇਕ/ਏ.ਆਰ. ਏਜ. ਉਹਨਾਂ ਦੁਆਰਾ ਪ੍ਰਗਟ ਸਵੈ-ਇੱਛਾ ਅਨੁਸਾਰ ਮੁੱਖ ਕਲਰਕ ਜਾਂ ਮੁੱਖ ਦਫਤਰ ਸਹਾਇਕ ਜਾਂ ਅੰਦਰੂਨੀ ਲੇਖਾ ਪੜਤਾਲਕਾਰ ਦੇ ਤੌਰ ਤੇ ਪਦ-ਉਨਤੀ ਦੇ ਯੋਗ ਹੋਣਗੇ । |
| 3. | ਸਰਕਲ ਸਹਾਇਕ/ ਏ.ਆਰ.ਏ. | i) ਸੰਯੁਕਤ ਸਰਕਲ ਕਾਡਰ/ਸੰਯੁਕਤ ਏਕੀਕਰਣ ਕਾਡਰ ਵਿੱਚ ਸੰਮਿਲਤ ਉੱਚ ਸ਼੍ਰੇਣੀ ਕਲਰਕਾਂ ਦੀ ਪਦ-ਉੱਨਤੀ ਦੁਆਰਾ/ | ਮਨਿਸਟੀਰੀਅਲ ਕਰਮਚਾਰੀਆਂ ਦੇ ਲਈ ਨਿਰਧਾਰਿਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਮਗਰੋਂ । | ਉੱਚ ਸ਼੍ਰੇਣੀ ਕਲਰਕ ਵਜੋਂ 2 ਸਾਲ ਦੀ ਸੇਵਾ । | i) ਸੰਯੁਕਤ ਸਰਕਲ ਕਾਡਰ ਵਿੱਚ ਸੰਮਿਲਤ ਉੱਚ ਸ਼੍ਰੇਣੀ ਕਲਰਕ, ਸਰਕਲ ਸਹਾਇਕ/ਏ. ਆਰ .ਏ ਦੀ ਆਸਾਮੀ ਤੇ ਪਦ-ਉੱਨਤੀ ਦੇ ਲਈ ਉਸੇ ਅਨੁਪਾਤ ਵਿੱਚ ਯੋਗ ਹੋਣਗੇ ਜੋ ਅਨੁਪਾਤ ਉਹਨਾਂ ਦੀ ਕੁਲ ਸੰਖਿਆ ਅਤੇ ਸੰਯੁਕਤ ਏਕੀਕਰਣ ਕਾਡਰ ਵਿੱਚ ਸੰਮਿਲਤ ਉੱਚ ਸ਼੍ਰੇਣੀ ਕਲਰਕਾਂ ਦੀ ਸੰਖਿਆ ਵਿਚਕਾਰ ਹੋਵੇਗਾ ਉਹ ਮੁੱਖ ਦਫਤਰ ਸਹਾਇਕ |

| 1 | 2 | 3 | 4 | 5 | 6 |
|---|---|---|---|---|---|
| | | ii) ਸੁੰਯੁਕਤ ਸਰਕਲ ਕਾਡਰ/ ਸੰਯੁਕਤ ਏਕੀਕਰਣ ਕਾਡਰ ਵਿੱਚ ਸੰਮਿਲਿਤ ਉਨ੍ਹਾਂ ਉੱਚ ਸ਼੍ਰੇਣੀ ਕਲਰਕਾਂ ਦੀ ਪਦ-ਉੱਨਤੀ ਦੁਆਰਾ ਜਿਹਨਾਂ ਨੇ ਵਿਭਾਗੀ ਲੇਖਾ ਪ੍ਰੀਖਿਆ ਪਾਸ ਨਾ ਕੀਤੀ ਹੋਵੇ ਅਤੇ ਜਿਹੜੇ 20%ਕੋਟਾ ਆਸਾਮੀਆਂ ਵਿਰੁੱਧ 20%ਰਾਖਵੀਆਂ ਖਾਲੀ ਆਸਾਮੀਆਂ ਤੇ ਪਦ-ਉੱਨਤ ਕੀਤੇ ਗਏ ਸਨ । | | ਹੇਠਲੀ ਸ਼੍ਰੇਣੀ ਕਲਰਕ/ਉੱਚ ਸ਼੍ਰੇਣੀ ਕਲਰਕ ਵਜੋਂ 12 ਸਾਲ ਦੀ ਸੇਵਾ ਜਿਸ ਵਿੱਚੋਂ 5 ਸਾਲ ਦੀ ਸੇਵਾ ਉੱਚ ਸ਼੍ਰੇਣੀ ਕਲਰਕ ਵਜੋਂ ਹੋਵੇਗੀ । | ਦੀ ਆਸਾਮੀ ਤੇ ਪਦ-ਉੱਨਤੀ ਦੇ ਯੋਗ ਨਹੀਂ ਹੋਣਗੇ ਸਰਕਲ ਸਹਾਇਕਾ/ਏ.ਆਰ.ਏਜ. ਦੀਆਂ ਬਾਕੀ ਅਸਾਮੀਆਂ ਸੰਯੁਕਤ ਏਕੀਕਰਣ ਕਾਡਰ ਵਿੱਚ ਸੰਮਿਲਿਤ ਉੱਚ ਸ਼੍ਰੇਣੀ ਕਲਰਕਾਂ ਵਿੱਚੋਂ ਭਰੀਆਂ ਜਾਣਗੀਆਂ ।<br>ii) 20 ਪ੍ਰਤੀਸ਼ਤ ਕੋਟਾ ਆਸਾਮੀਆਂ ਵਿਰੁੱਧ ਸਰਕਲ ਸਹਾਇਕ/ਏ.ਆਰ. ਏ. ਦੇ ਤੌਰ ਤੇ ਪਦ-ਉੱਨਤ ਕੀਤੇ ਗਏ ਕਰਮਚਾਰੀ ਅਗਲੀ ਉਚੇਰੀ ਆਸਾਮੀ ਤੇ ਅਗਲੀ ਪਦ-ਉੱਨਤੀ ਲਈ ਉਦੋਂ ਤੱਕ ਯੋਗ ਨਹੀਂ ਹੋਣਗੇ ਜਦੋਂ ਤੱਕ ਕਿ ਉਹ ਮਨਿਸਟੀਰੀਅਲ ਕਰਮਚਾਰੀਆਂ ਦੇ ਲਈ ਨਿਰਧਾਰਿਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਨਹੀਂ ਕਰ ਲੈਂਦੇ ।<br>iii) ਉੱਚ ਸ਼੍ਰੇਣੀ ਕਲਰਕਾਂ ਦੇ ਵਰਗ ਤੋਂ ਸਰਕਲ ਸਹਾਇਕ/ ਏ.ਆਰ.ਏ. ਦੇ ਵਰਗ ਵਿੱਚ |

A M E N D M E N T

Regulation-8 QUALIFICATIONS AND MODE OF APPOINTMENT

Sr.No. 3 Circle Assistant/ARA O/o No 892/9.4.2003 11/2003

892/9.4.03 11/2003 " Clause (iii ) under remarks column (Column-6) has been deleted."

This issues on the basis of Board's O/O No.133/ENG/BET/G-33 dated 2.6.87 and shall be effective from 2.6.1987.

(11)

ਪਦ-ਉੱਨਤੀ ਦੇ ਲਈ ਹਰੇਕ ਤਿੰਨ ਖਾਲੀ ਆਸਾਮੀਆਂ ਵਿੱਚੋਂ ਇਕ ਆਸਾਮੀ ਗ੍ਰੈਜੂਏਟਾਂ ਨੂੰ ਇਸ ਸ਼ਰਤ ਤੇ ਦਿੱਤੀ ਜਾਵੇਗੀ ਕਿ ਉਹ ਹੋਰਵੇਂ ਵੀ ਸਰਕਲ ਸਹਾਇਕ/ਏ.ਆਰ.ਏ. ਦੇ ਤੌਰ ਤੇ ਪਦ-ਉੱਨਤੀ ਦੇ ਲਈ ਯੋਗ/ਉਚਿਤ ਹਨ । ਪਦ-ਉਨਤੀ 2 : 1 ਦੇ ਅਨੁਪਾਤ ਵਿੱਚ ਕੀਤੀ ਜਾਵੇਗੀ ਅਰਥਾਤ ਪਹਿਲੀਆਂ ਦੋ ਖਾਲੀ ਅਸਾਮੀਆਂ ਗੈਰ-ਗ੍ਰੈਜੂਏਟਾਂ ਨੂੰ ਦਿੱਤੀਆਂ ਜਾਣਗੀਆਂ ਅਤੇ ਤੀਜੀ ਖਾਲੀ ਅਸਾਮੀ ਗ੍ਰੈਜੂਏਟਾਂ ਨੂੰ ਦਿੱਤੀ ਜਾਵੇਗੀ । deleted vide O/o No 892/9.4.03 11/2003

| | | | |
|---|---|---|---|
| 4. ਉੱਚ ਸ਼੍ਰੇਣੀ ਕਲਰਕ | i) ਸਿੱਧੀ ਭਰਤੀ ਦੁਆਰਾ (ਖਾਲੀ ਆਸਾਮੀਆਂ ਦਾ 40%) | ਘੱਟੋ-ਘੱਟ 60% ਅੰਕਾਂਨਾਲ ਸਾਇੰਸ/ਕਾਮਰਸ/ਆਰਟਸ ਵਿੱਚ ਗਰੈਜੂਏਟ (50% ਅੰਕਾਂ ਨਾਲ ਪੋਸਟ ਗਰੈਜੂਏਟ ਯੋਗਤਾ ਵਾਲੇ ਉਮੀਦਵਾਰਾਂ ਦੇ ਕੇਸ ਵਿੱਚ 50%) ਅਤੇ ਉਮੀਦਵਾਰ ਰਾਜ/ਕੇਂਦਰ ਸਰਕਾਰ ਦੁਆਰਾ ਮਾਨਤਾ-ਪ੍ਰਾਪਤ ਕਿਸੇ ਪ੍ਰਸਿੱਧੀ ਵਾਲੀ ਸੰਸਥਾ ਤੋਂ ਵਿੰਡੋਜ਼ | ਵਿਦਿਅਕ ਯੋਗਤਾਵਾਂ ਵਿੱਚ ਉਮੀਦਵਾਰਾਂ ਦੀ ਨਿਪੁੰਨਤਾ ਨੂੰ ਪਰਖਣ ਲਈ ਲਿਖਤੀ ਟੈਸਟ ਲੈਣ ਸਮੇਂ ਉਹਨਾਂ ਦੀ ਕੰਪਿਊਟਰ ਵਿਸ਼ੇ ਵਿੱਚ ਨਿਪੁੰਨਤਾ ਨੂੰ ਵੀ ਪੰ.ਰਾ.ਬਿ.ਬੋ. ਦੀ ਭਰਤੀ ਸ਼ਾਖਾ ਦੁਆਰਾ ਲਏ ਜਾਣ ਵਾਲੇ ਸੰਯੁਕਤ |

| 1 | 2 | 3 | 4 | 5 | 6 |
| --- | --- | --- | --- | --- | --- |
| | | | ਅਤੇ ਐਮ.ਐਸ. ਆਫਿਸ ਨਾਲ ਸੰਬਧਿਤ ਛੇ ਮਹੀਨਿਆਂ ਦਾ ਕੰਪਿਊਟਰ ਕੋਰਸ ਪਾਸ ਹੋਣਾ ਚਾਹਿਦਾ ਹੈ । | — | ਟੈਸਟ ਦੁਆਰਾ ਪਰਖਿਆ ਜਾਵੇਗਾ । |
| | | ii) ਹੇਠਲੀ ਸ਼੍ਰੇਣੀ ਕਲਰਕਾਂ ਵਿਚੋਂ ਪਦ-ਉੱਨਤੀ ਦੁਆਰਾ (ਖਾਲੀ ਅਸਾਮੀਆਂ ਦਾ 40%) | ਮਨਿਸਟੀਰੀਅਲ ਕਰਮਚਾਰੀਆਂ ਲਈ ਨਿਰਧਾਰਿਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਮਗਰੋਂ । | ਹੇਠਲੀ ਸ਼੍ਰੇਣੀ ਕਲਰਕ ਵਜੋਂ 3 ਸਾਲਾਂ ਦੀ ਸੇਵਾ । | ਮੁੱਖ ਦਫਤਰ ਕਾਡਰ ਅਤੇ ਸੰਯੁਕਤ ਸਰਕਲ ਕਾਡਰ ਦੇ ਹੇਠਲੀ ਸ਼੍ਰੇਣੀ ਕਲਰਕ ਉਕਤ ਕਾਡਰਾਂ ਵਿੱਚ ਖਾਲੀ ਅਸਾਮੀਆਂ ਉਤਪੰਨ ਹੋਣ ਤੇ ਕ੍ਰਮਵਾਰ ਮੁੱਖ ਦਫਤਰ ਕਾਡਰ ਅਤੇ ਸੰਯੁਕਤ ਸਰਕਲ ਕਾਡਰ ਵਿੱਚ ਉੱਚ ਸ਼੍ਰੇਣੀ ਕਲਰਕਾਂ ਵਜੋਂ ਪਦ-ਉਨਤੀ ਦੇ ਯੋਗ ਹੋਣਗੇ। ਬਾਕੀ ਆਸਾਮੀਆਂ ਸੰਯੁਕਤ ਏਕੀਕਰਣ ਕਾਡਰ ਵਿੱਚ ਸੰਮਿਲਿਤ ਹੇਠਲੀ ਸ਼੍ਰੇਣੀ ਕਲਰਕਾਂ ਵਿਚੋਂ ਭਰੀਆਂ ਜਾਣਗੀਆਂ । |
| | | iii) ਉਹਨਾਂ ਹੇਠਲੀ ਸ਼੍ਰੇਣੀ ਕਲਰਕਾਂ ਦੀ ਪਦ-ਉੱਨਤੀ ਦੁਆਰਾ ਜਿਹੜੇ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਵਿੱਚ ਅਸਮਰਥ ਹਨ । (ਖਾਲੀ ਅਸਾਮੀਆਂ ਦਾ 20%) | ................ | ਮੈਟ੍ਰਿਕ ਪਾਸ ਹੇਠਲੀ ਸ਼੍ਰੇਣੀ ਕਲਰਕ ਦੀ ਸੂਰਤ ਵਿੱਚ 6 ਸਾਲਾਂ ਦੀ ਸੇਵਾ ਅਤੇ ਗ੍ਰੈਜੂਏਟ ਹੇਠਲੀ ਸ਼੍ਰੇਣੀ ਕਲਰਕ ਦੀ ਸੂਰਤ ਵਿੱਚ 3 ਸਾਲਾਂ ਦੀ ਸੇਵਾ । | |

## Regulation-8 QUALIFICATIONS AND MODE OF APPOINTMENT

G.O. No 920/13.7.04 12/2004

The following note shall be inserted under Remarks Col.No.6 appearing against Sr.No.5 of Regulation-8 dealing with the qualifications prescribed for direct recruitment of LDC(typist):-

> "While holding written test for testing the proficiency of candiates in academic qualifications, their proficiency in computer discipline shall also be put to test through composite test to be conducted by the Recruitment Section of PSEB."

...nded vide G.O 920/13.7.04 12/2004

ਕਰਸ ਪਾਸ ਹੋਣਾ ਚਾਹਿਦਾ ਹੈ ।

| 1 | 2 | 3 | 4 | 5 | 6 |
|---|---|---|---|---|---|
| | | | iii) ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਪਾਸ ਹੋਣਾ ਚਾਹੀਦਾ ਹੈ । | | |
| | | ii) ਬੋਰਡ ਦੇ ਸਾਰੇ ਦਫਤਰਾਂ ਵਿੱਚ ਕੰਮ ਕਰ ਰਹੇ ਚੌਥੀ ਸ਼੍ਰੇਣੀ ਨਾਲ ਸੰਬਧਿਤ ਕਰਮਚਾਰੀਆਂ ਰੈਸਟੋਰਰਾਂ, ਫੋਤੇਦਾਰਾਂ ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟਾਂ, ਲੇਡੀ ਅਟੈਂਡੈਂਟਾਂ ਅਤੇ ਹੈਲਪਰਾਂ ਵਿੱਚੋਂ ਪਦ-ਉੱਨਤੀ ਦੁਆਰਾ 20 ਪ੍ਰਤੀਸ਼ਤ । | ਕਿਸੇ ਮਾਨਤਾ ਪ੍ਰਾਪਤ ਬੋਰਡ/ ਯੂਨਿਵਰਸਿਟੀ ਤੋਂ ਮੈਟ੍ਰਿਕ/ਹਾਇਰ ਸੈਕੰਡਰੀ/ਗ੍ਰੈਜੁਏਟ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਦਾ ਗਿਆਨ ਰੱਖਦਾ ਹੋਵੇ । | ਦੋ ਸਾਲਾਂ ਦੀ ਸੇਵਾ | ਚੌਥੀ ਸ਼੍ਰੇਣੀ ਕਰਮਚਾਰੀਆਂ ਅਤੇ ਰੈਸਟੋਰਰਾਂ, ਫੋਤੇਦਾਰਾਂ, ਡੁਪਲੀ-ਕੇਟਿੰਗ ਮਸ਼ੀਨ ਅਟੈਂਡੈਂਟਾਂ, ਲੇਡੀ ਅਟੈਂਡੈਂਟਾਂ, ਅਤੇ ਹੈਲਪਰਾਂ ਵਿੱਚੋਂ ਹੇਠਲੀ ਸ਼੍ਰੇਣੀ ਕਲਰਕ ਦੇ ਤੌਰ ਤੇ ਸਾਰੀਆਂ ਪਦ-ਉਨਤੀਆਂ ਸੰਯੁਕਤ ਏਕੀਕਰਨ ਕਾਡਰ ਵਿੱਚ ਕੀਤੀਆਂ ਜਾਣਗੀਆਂ। |
| 6. | ਫੋਤੇਦਾਰ | ਪੜ੍ਹੇ ਲਿਖੇ ਚਪੜਾਸੀਆਂ ਵਿੱਚੋਂ ਪਦ ਉਨਤੀ ਦੁਆਰਾ | ---- | 5 ਸਾਲ | ---- |
| 7. | ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟ | ਮੁੱਖ ਦਫਤਰ ਕਾਡਰ ਵਿੱਚ ਸ਼ੰਮਿਲਿਤ ਦਫਤਰੀਆਂ ਅਤੇ ਜਮਾਂਦਾਰਾਂ ਵਿੱਚੋਂ 50 : 50 ਦੇ ਅਨੁਪਾਤ ਵਿੱਚ ਸੀਨੀਅਰਤਾ ਅਤੇ ਯੋਗਤਾ ਦੇ ਅਨੁਸਾਰ ਪਦ-ਉਨਤੀ ਦੁਆਰਾ । | ਗਿਣਤੀ ਆਦਿ ਪੜ੍ਹਨ ਦੀ ਯੋਗਤਾ ਰੱਖਦਾ ਹੋਵੇ । | 5 ਸਾਲਾਂ ਦੀ ਸੇਵਾ | ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਜਮਾਂਦਾਰਾਂ/ਦਫਤਰੀਆਂ (ਜਿਹੜੇ ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟ ਦੇ ਤੌਰ ਤੇ ਪਦ ਉਨਤੀ ਦੇ ਯੋਗ ਹੋਣ) ਤੋਂ ਸਵੈਇਛਾਵਾਂ(options) ਮੰਗੀਆਂ ਜਾਣਗੀਆਂ ਕਿ ਉਹ |

| 1 | 2 | 3 | 4 | 5 | 6 |
|---|---|---|---|---|---|
| | | | | | ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟ ਦੀ ਅਸਾਮੀ ਪ੍ਰਵਾਨ ਕਰਨਾ ਚਾਹੁੰਦੇ ਹਨ ਜਾਂ ਨਹੀਂ । ਜੇਕਰ ਉਹਨਾਂ ਵਿਚੋਂ ਕੋਈ ਵੀ ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟ ਦਾ ਪਦ ਸਵੀਕਾਰ ਨਹੀਂ ਕਰਦਾ ਤਾਂ ਉਹ ਪਦ ਸਭ ਤੋਂ ਸੀਨੀਅਰ ਸੇਵਾਦਾਰ ਨੂੰ ਪਦ ਉੱਨਤੀ ਦੇ ਕੇ ਭਰਿਆ ਜਾਵੇਗਾ ਪਰੰਤੂ ਸ਼ਰਤ ਇਹ ਹੈ ਕਿ ਉਹ ਸੰਖਿਆ ਆਦਿ ਪੜ੍ਹ ਸਕਦਾ ਹੋਵੇ । ਜੇਕਰ ਕੋਈ ਸੇਵਾਦਾਰ ਸੰਖਿਆ ਨਹੀਂ ਪੜ੍ਹ ਸਕਦਾ ਤਾਂ ਉਸ ਨੂੰ ਪਦ-ਉੱਨਤ ਨਹੀਂ ਕੀਤਾ ਜਾਵੇਗਾ । |
| 8. | ਰੈਸਟੋਰਰ | ਹੈਡੱ ਆਫਿਸ ਕਾਡਰ ਵਿੱਚੋਂ ਸੰਮਿਲਤ ਕਰਮਚਾਰੀਆਂ ਵਿੱਚੋਂ ਪਦਉੱਨਤੀ ਦੁਆਰਾ | ਅੱਠਵੀਂ ਜਮਾਤ/ਅੰਡਰ ਮੈਟ੍ਰਿਕ | 5 ਸਾਲ ਦੀ ਸੇਵਾ | ----- |
| 9. | ਸਰਕਲ ਸੁਪਰਡੈਂਟ | ਹੈਡੱ ਕਲਰਕਾਂ ਵਿਚੋਂ ਪਦ-ਉੱਨਤੀ ਦੁਆਰਾ | —— | ਹੈਡੱ ਕਲਰਕ ਦੇ ਤੌਰ ਤੇ 7 ਸਾਲ ਦੀ ਸੇਵਾ | ----- |
| 10. | ਹੈਡੱ ਕਲਰਕ | ਸਰਕਲ ਸਹਾਇਕ/ਏ. ਆਰ.ਏਜ਼.ਵਿਚੋਂ ਪਦ-ਉੱਨਤੀ ਦੁਆਰਾ, ਜੋ ਹੈਡੱ ਕਲਰਕ ਦੇ ਰੂਪ ਵਿੱਚ ਪਦ-ਉੱਨਤੀ ਦੀ ਸਵੈਇੱਛਾ | ਮਨਿਸਟਰੀਅਲ ਕਰਮਚਾਰੀਆਂ ਦੇ ਲਈ ਨਿਰਧਾਰਿਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਜੇਕਰ ਪਹਿਲਾਂ ਪਾਸ ਨਾ ਕੀਤੀ ਹੋਵੇ ਜਾਂ ਵਿਸ਼ੇਸ਼ ਤੌਰ ਤੇ ਛੋਟ ਨਾ ਦਿੱਤੀ ਗਈ ਹੋਵੇ । | ਸਰਕਲ ਸਹਾਇਕ/ਏ. ਆਰ.ਏਜ਼./ਉੱਚ ਸ਼੍ਰੇਣੀ ਕਲਰਕ ਦੇ ਤੌਰ ਤੇ ਕੁਲ ਮਿਲਾ ਕੇ 3 ਸਾਲ ਦੀ ਸੇਵਾ ਜਿਸ ਵਿਚੋਂ | |

| 1 | 2 | 3 | 4 | 5 | 6 |
|---|---|---|---|---|---|
| | | ਪ੍ਰਗਟ ਕਰਨ । | | ਘੱਟੋ-ਘੱਟ 1 ਸਾਲ ਦੀ ਸੇਵਾ ਸਰਕਲ ਸਹਾਇਕ/ ਏ.ਆਰ.ਏਜ਼.ਦੇ ਤੌਰ ਤੇ ਹੋਵੇ । | |

ਨੋਟ :- ਬੋਰਡ ਦੇ ਦਫਤਰਾਂ ਵਿਚ ਖਜ਼ਾਨਚੀ ਦਾ ਪਦ ਬੋਰਡ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਗਏ ਨਿਰਦੇਸ਼ਾਂ/ਨਿਰਧਾਰਿਤ ਵਿਧੀ ਅਨੁਸਾਰ ਭਰਿਆ ਜਾਵੇਗਾ ਕਿਉਂਕਿ ਇਸ ਪਦ ਲਈ ਕੋਈ ਵੱਖਰਾ ਕਾਡਰ ਨਹੀਂ ਹੈ ।

ਪਰੰਤੂ ਸ਼ਰਤ ਇਹ ਹੈ ਕਿ :-

i) ਸਿੱਧੀ ਭਰਤੀ ਦੁਆਰਾ ਨਿਯੁਕਤ ਕੀਤੇ ਗਏ ਉੱਚ ਸ਼੍ਰੇਣੀ ਕਲਰਕਾਂ ਦੀ ਪਦ-ਉਨਤੀ ਤੇ ਉਦੋਂ ਤੱਕ ਵਿਚਾਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਮਨਿਸਟੀਰੀਅਲ ਕਰਮਚਾਰੀਆਂ ਦੇ ਲਈ ਨਿਰਧਾਰਿਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਨਹੀਂ ਕਰ ਲੈਂਦੇ । ਇਸ ਪ੍ਰੀਖਿਆ ਨੂੰ ਪਾਸ ਕਰ ਲੈਣ ਤੇ ਅਤੇ ਪਦ-ਉੱਨਤੀ ਦੇ ਬਾਅਦ ਉਹ ਉਹਨਾਂ ਸਭ ਕਰਮਚਾਰੀਆਂ ਤੋਂ ਜੂਨੀਅਰ ਹੋਣਗੇ ਜਿਨ੍ਹਾਂ ਨੂੰ ਉਨ੍ਹਾਂ ਤੋਂ ਪਹਿਲਾ ਪਦ-ਉੱਨਤ ਕੀਤਾ ਗਿਆ ਹੈ ।

ii) ਸੇਵਾ ਵਿੱਚ ਸਾਰੇ ਪਦਾਂ ਤੇ ਸਿੱਧੀ ਭਰਤੀ ਦੀ ਹਾਲਤ ਵਿੱਚ ਉਮੀਦਵਾਰ :-

ੳ) ਮੈਟ੍ਰਿਕ ਜਾਂ ਇਸ ਦੇ ਬਰਾਬਰ ਦੀ ਪੰਜਾਬੀ ਪ੍ਰੀਖਿਆ ਪਾਸ ਹੋਵੇ ।

ਅ) ਜਿੱਥੇ ਕਿਤੇ ਵੀ ਨਿਰਧਾਰਿਤ ਕੀਤਾ ਗਿਆ ਹੋਵੇ, ਬੋਰਡ ਦੁਆਰਾ ਲਈ ਜਾਣ ਵਾਲੀ ਲੇਖਾ ਪ੍ਰੀਖਿਆ 30% ਨੰਬਰ ਲੈ ਕੇ ਪਾਸ ਕੀਤੀ ਗਈ ਹੋਵੇ ।

iii) ਸੇਵਾ ਵਿੱਚ ਪਦ-ਉੱਨਤੀ ਦੁਆਰਾ ਸਾਰੀਆਂ ਨਿਯੁਕਤੀਆਂ ਸੀਨੀਅਰਤਾ ਅਥਵਾ ਯੋਗਤਾ ਦੇ ਅਧਾਰ ਤੇ ਕੀਤੀਆਂ ਜਾਣਗੀਆਂ ਅਤੇ ਕਿਸੇ ਵੀ ਵਿਅਕਤੀ ਨੂੰ ਕੇਵਲ ਸੀਨੀਅਰਤਾ ਦੇ ਅਧਾਰ ਤੇ ਪਦ-ਉਨਤੀ ਦਾ ਅਧਿਕਾਰ ਪ੍ਰਾਪਤ ਨਹੀਂ ਹੋਵੇਗਾ ।

9. ਛੋਟ :- ੳ) ਸਕੱਤਰ ਦੁਆਰਾ ਸੇਵਾ ਦੇ ਕਿਸੇ ਵੀ ਵਿਅਕਤੀ ਨੂੰ ਮਨਿਸਟੀਰੀਅਲ ਕਰਮਚਾਰੀਆਂ ਲਈ ਨਿਰਧਾਰਿਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ । ਛੋਟ ਦੀ ਪ੍ਰਵਾਨਗੀ ਤੇ ਵਿਚਾਰ ਬਹੁਤ ਹੀ ਕਠਿਨ ਸਥਿਤੀਆਂ ਵਿੱਚ ਨਿਮਨਲਿਖਿਤ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਵੇਗਾ :—

1. ਬੇਨਤੀ ਕਰਨ ਵਾਲੇ ਕਰਮਚਾਰੀ ਨੇ 50 ਸਾਲ ਦੀ ਉਮਰ ਪੂਰੀ ਕਰ ਲਈ ਹੋਵੇ ।
2. ਕਰਮਚਾਰੀ ਦਾ ਰਿਕਾਰਡ ਲਗਾਤਾਰ ਅੱਛਾ ਅਤੇ ਬੇ-ਦਾਗ ਹੋਵੇ ।
3. ਕਰਮਚਾਰੀ ਨੇ ਪ੍ਰੀਖਿਆ ਪਾਸ ਕਰਨ ਲਈ ਘੱਟੋ-ਘੱਟ ਚਾਰ ਵਾਰ ਕੋਸ਼ਿਸ਼ ਕੀਤੀ ਹੋਵੇ ।

ਅ) ਕਰਮਚਾਰੀ ਨੂੰ ਇਕ ਵਾਰ ਛੋਟ ਦਿੱਤੇ ਜਾਣ ਤੋਂ ਬਾਅਦ ਕਿਸੇ ਵੀ ਕਿਸਮ ਦੀ ਅਯੋਗਤਾ ਉਸਦੀ ਪਦ-ਉਨਤੀ ਤੇ ਵਿਚਾਰ ਕਰਨ ਲਈ ਬਾਕੀ ਨਹੀਂ ਰਹੇਗੀ ।

ਸਿੱਧੀ ਭਰਤੀ ਦੁਆਰਾ ਨਿਯੁਕਤੀ ਲਈ ਕਾਰਜ–ਵਿਧੀ :-

10 i) ਸਿੱਧੀ ਨਿਯੁਕਤੀ ਦੁਆਰਾ ਆਸਾਮੀਆਂ ਭਰਨ ਲਈ ਸਮਰੱਥ ਅਧਿਕਾਰੀ ਸਮਾਚਾਰ-ਪੱਤਰਾਂ ਰਾਹੀਂ ਅਤੇ/ਜਾਂ ਰੋਜ਼ਗਾਰ ਦਫਤਰਾਂ ਰਾਹੀਂ ਬਿਨੈ-ਪੱਤਰ ਮੰਗਦਾ ਹੋਇਆ ਖਾਲੀ ਆਸਾਮੀਆਂ ਵਿਗਿਆਪਤ ਕਰੇਗਾ ।

ii) ਸੇਵਾ ਵਿੱਚ ਸਿੱਧੀਆਂ ਨਿਯੁਕਤੀਆਂ ਬੋਰਡ ਦੁਆਰਾ ਇਸ ਮੰਤਵ ਲਈ ਬਣਾਈ ਗਈ ਚੋਣ ਕਮੇਟੀ ਦੁਆਰਾ ਅਜਿਹੀਆਂ ਪ੍ਰੀਖਿਆਵਾਂ ਅਤੇ/ਜਾਂ ਇੰਟਰਵਿਊ ਲੈਣ ਤੋਂ ਬਾਅਦ ਕੀਤੀਆਂਜਾਣਗੀਆਂ

ਜੋ ਸਮੇਂ ਸਮੇਂ ਤੇ ਸਮਰੱਥ ਅਧਿਕਾਰੀ ਦੁਆਰਾ ਨਿਰਧਾਰਿਤ ਕੀਤੀਆਂ ਜਾਣਗੀਆਂ ।

ਸੇਵਾ ਵਿੱਚ ਨਿਯੁਕਤ ਵਿਅਕਤੀਆਂ ਦਾ ਪ੍ਰੀਖਿਆ ਕਾਲ

11. 1. ਸੇਵਾ ਵਿੱਚ ਨਿਯੁਕਤ ਵਿਅਕਤੀ ਦੋ ਸਾਲ ਦੀ ਅਵਧੀ ਤੱਕ ਪ੍ਰੀਖਿਆ-ਕਾਲ ਤੇ ਰਹਿਣਗੇ ਜੇਕਰ ਉਹਨਾਂ ਨੂੰ ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤਾ ਗਿਆ ਹੋਵੇ ਅਤੇ ਦੂਜੀ ਤਰ੍ਹਾਂ ਭਰਤੀ ਕੀਤੇ ਵਿਅਕਤੀ ਇਕ ਸਾਲ ਦੀ ਅਵਧੀ ਤੱਕ ਪ੍ਰੀਖਿਆ ਕਾਲ ਤੇ ਰਹਿਣਗੇ । ਪਰੰਤੂ

ੳ) ਨਿਯੁਕਤੀ ਮਗਰੋਂ ਕਿਸੇ ਸਮਾਨ ਜਾਂ ਉੱਚ ਪਦ ਤੇ ਪ੍ਰਤਿਨਿਯੁਕਤੀ ਦੇ ਤੌਰ ਤੇ ਬਿਤਾਇਆ ਗਿਆ ਸਮਾਂ ਪ੍ਰੀਖਿਆ ਕਾਲ ਵਿੱਚ ਸ਼ਾਮਲ ਕੀਤਾ ਜਾਵੇਗਾ ।

ਅ) ਬਦਲੀ ਦੁਆਰਾ ਨਿਯੁਕਤੀ ਦੀ ਹਾਲਤ ਵਿੱਚ, ਸੇਵਾ ਵਿੱਚ ਨਿਯੁਕਤੀ ਤੋਂ ਪਹਿਲਾਂ ਕਿਸੇ ਸਮਾਨ ਜਾਂ ਉੱਚ ਪਦ ਤੇ ਬਿਤਾਏ ਗਏ ਸਮੇਂ ਨੂੰ ਨਿਯੁਕਤ ਅਧਿਕਾਰੀ ਦੀ ਸਵੈ-ਇੱਛਾ ਨਾਲ ਪ੍ਰੀਖਿਆ ਕਾਲ ਵਿੱਚ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ; ਅਤੇ

ੲ) ਸੇਵਾ ਵਿੱਚ ਕਾਇਮ-ਮੁਕਾਮ ਨਿਯੁਕਤੀ ਦੇ ਕਿਸੇ ਵੀ ਸਮੇਂ ਨੂੰ ਪ੍ਰੀਖਿਆ ਕਾਲ ਤੇ ਬਿਤਾਇਆ ਗਿਆ ਸਮਾਂ ਸਮਝਿਆ ਜਾਵੇਗਾ ਪਰੰਤੂ ਕੋਈ ਵੀ ਅਜਿਹਾ ਵਿਅਕਤੀ ਜਿਸ ਨੇ ਇਸ ਤਰ੍ਹਾਂ ਕਾਇਮ ਮੁਕਾਮ ਨਿਯੁਕਤੀ ਤੇ ਕੰਮ ਕੀਤਾ ਹੋਵੇ, ਨਿਰਧਾਰਿਤ ਪ੍ਰੀਖਿਆ ਕਾਲ ਦੇ ਪੂਰਾ ਹੋਣ ਤੋਂ ਮਗਰੋਂ, ਉਦੋਂ ਤੱਕ ਪੱਕੇ ਕਰਨ ਦਾ ਹੱਕਦਾਰ ਨਹੀਂ ਹੋਵੇਗਾ ਜਦੋਂ ਤੱਕ ਉਸਦੀ ਨਿਯੁਕਤੀ ਕਿਸੇ ਪੱਕੇ ਖਾਲੀ ਪਦ ਤੇ ਨਹੀਂ ਕੀਤੀ ਜਾਂਦੀ ।

2. ਜੇਕਰ ਨਿਯੁਕਤੀ ਅਧਿਕਾਰੀ ਦੇ ਖਿਆਲ ਵਿੱਚ ਪ੍ਰੀਖਿਆ ਕਾਲ ਦੇ ਸਮੇਂ ਦੌਰਾਨ ਕਿਸੇ ਵਿਅਕਤੀ ਦਾ ਕੰਮ ਜਾਂ ਆਚਰਣ ਸੰਤੋਸ਼ਜਨਕ ਨਹੀਂ ਹੈ ਤਾਂ ਨਿਯੁਕਤੀ ਅਧਿਕਾਰੀ :-

ੳ) ਜੇਕਰ ਅਜਿਹਾ ਵਿਅਕਤੀ ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤਾ ਗਿਆ ਹੋਵੇ ਤਾਂ ਉਸ ਦੀਆਂ ਸੇਵਾਵਾਂ ਨੂੰ ਖਤਮ ਕਰ ਸਕਦਾ ਹੈ, ਅਤੇ

ਅ) ਜੇਕਰ ਅਜਿਹਾ ਵਿਅਕਤੀ ਹੋਰ ਦੂਜੀ ਤਰ੍ਹਾਂ ਨਾਲ ਨਿਯੁਕਤ ਕੀਤਾ ਗਿਆ ਹੋਵੇ :-

i) ਤਾਂ ਉਸਨੂੰ ਪਹਿਲਾਂ ਵਾਲੇ ਪਦ ਤੇ ਰਿਵਰਟ ਕਰ ਸਕਦਾ ਹੈ ਜਾਂ

ii) ਉਸ ਨਾਲ ਅਜਿਹੇ ਢੰਗ ਨਾਲ ਵਿਵਹਾਰ ਕਰ ਸਕਦਾ ਹੈ ਜਿਸ ਦੀ ਆਗਿਆ ਉਸ ਦੀ ਪਿਛਲੀ ਨਿਯੁਕਤੀ ਦੀ ਸੇਵਾ ਜਾਂ ਸ਼ਰਤਾਂ ਦਿੰਦੀਆਂ ਹੋਣ ।

3 ਕਿਸੇ ਵਿਅਕਤੀ ਦੇ ਪ੍ਰੀਖਿਆ ਕਾਲ ਦੀ ਸਮਾਪਤੀ ਤੇ ਨਿਯੁਕਤੀ ਅਧਿਕਾਰੀ :-

ੳ) ਜੇਕਰ ਉਸ ਦੇ ਵਿਚਾਰ ਵਿੱਚ ਉਸ ਦਾ ਕੰਮ ਜਾਂ ਆਚਰਣ ਸੰਤੋਸ਼ਜਨਕ ਰਿਹਾ ਹੋਵੇ ਤਾਂ :-

i) ਅਜਿਹੇ ਵਿਅਕਤੀ ਨੂੰ ਉਸ ਦੀ ਨਿਯੁਕਤੀ ਦੀ ਮਿਤੀ ਤੋਂ ਪੱਕਾ ਕਰ ਸਕਦਾ ਹੈ ਜੇਕਰ ਉਸ ਦੀ ਨਿਯੁਕਤੀ ਪੱਕੇ ਖਾਲੀ ਪਦ ਤੇ ਕਰ ਦਿੱਤੀ ਗਈ ਹੋਵੇ, ਜਾਂ

ii) ਅਜਿਹੇ ਵਿਅਕਤੀ ਨੂੰ ਪੱਕੀ ਖਾਲੀ ਆਸਾਮੀ ਬਣਨ ਦੀ ਮਿਤੀ ਤੋਂ ਪੱਕਾ ਕਰ ਸਕਦਾ ਹੈ ਜੇਕਰ ਉਸ ਦੀ ਨਿਯੁਕਤੀ ਕਿਸੇ ਅਸਥਾਈ ਖਾਲੀ ਆਸਾਮੀ ਤੇ ਕੀਤੀ ਗਈ ਹੋਵੇ ਜਾਂ

iii) ਘੋਸ਼ਿਤ ਕਰ ਸਕਦਾ ਹੈ ਕਿ ਉਸ ਨੇ ਪ੍ਰੀਖਿਆ ਕਾਲ ਸੰਤੋਸ਼ਜਨਕ ਢੰਗ ਨਾਲ ਪੂਰਾ ਕਰ ਲਿਆ ਹੈ, ਜੇਕਰ ਕੋਈ ਪੱਕੀ ਖਾਲੀ ਆਸਾਮੀ ਨਾ ਹੋਵੇ ਜਾਂ

ਅ) ਉਸਦੇ ਵਿਚਾਰ ਵਿੱਚ ਉਸ ਦਾ ਕੰਮ ਜਾਂ ਆਚਰਣ ਸੰਤੋਸ਼ਜਨਕ ਨਾ ਰਿਹਾ ਹੋਵੇ :-

i) ਸਿੱਧੀ ਨਿਯੁਕਤੀ ਦੀ ਸੂਰਤ ਵਿੱਚ ਉਸ ਦੀਆਂ ਸੇਵਾਵਾਂ ਨੂੰ ਸਮਾਪਤ ਕਰ ਸਕਦਾ ਹੈ ਜਾਂ ਕਿਸੇ ਹੋਰ ਢੰਗ ਨਾਲ ਕੀਤੀ ਗਈ ਨਿਯੁਕਤੀ ਦੀ ਸੂਰਤ ਵਿੱਚ ਉਸ ਨੂੰ ਪਹਿਲਾਂ ਵਾਲੇ ਪਦ ਤੇ ਰਿਵਰਟ ਕਰ ਸਕਦਾ ਹੈ ਜਾਂ ਉਸ ਨਾਲ ਅਜਿਹੇ ਦੂਜੇ ਢੰਗ ਨਾਲ ਵਿਵਹਾਰ ਕਰ ਸਕਦਾ ਹੈ ਜਿਸ ਦੀ ਆਗਿਆ ਉਸ ਦੀ ਪਿਛਲੀ ਨਿਯੁਕਤੀ ਦੀਆਂ ਸੇਵਾ ਸ਼ਰਤਾਂ ਦਿੰਦੀਆਂ ਹੋਣ ਜਾਂ

ii) ਉਸ ਦੇ ਪ੍ਰੀਖਿਆ ਕਾਲ ਵਿੱਚ ਵਾਧਾ ਕਰ ਸਕਦਾ ਹੈ ਜਾਂ ਉਸ ਮਗਰੋਂ ਅਜਿਹੇ ਆਦੇਸ਼ ਜਾਰੀ ਕਰ ਸਕਦਾ ਹੈ ਜਿਹੋ ਜਿਹੇ ਆਦੇਸ਼ ਉਹ ਪਹਿਲੇ ਪ੍ਰੀਖਿਆ ਕਾਲ ਦੇ ਮਗਰੋਂ ਜਾਰੀ ਕਰ ਸਕਦਾ ਸੀ । ਪਰੰਤੂ ਸ਼ਰਤ ਇਹ ਹੈ ਕਿ ਵਾਧਾ, ਜੇਕਰ ਕੋਈ ਹੋਵੇ, ਸਮੇਤ ਪ੍ਰੀਖਿਆ ਕਾਲ ਦੇ ਕੁਲ ਸਮਾਂ 4 ਸਾਲਾਂ ਤੋਂ ਵੱਧ ਨਹੀਂ ਹੋਵੇਗਾ ।

ਸੀਨੀਅਰਤਾ

12. ਸੇਵਾ ਵਾਲੇ ਵਿਅਕਤੀਆਂ ਦੇ ਪਦਾਂ ਦੀ ਕਿਸੇ ਸ਼੍ਰੇਣੀ ਵਿਸ਼ੇਸ਼ ਵਿੱਚ ਪਰਸਪਰ ਸੀਨੀਅਰਤਾ ਕਿਸੇ ਵਿਸ਼ੇਸ਼ ਕਾਡਰ ਵਿੱਚ ਪਦਾਂ ਦੀ ਉਸ ਸ਼੍ਰੇਣੀ ਵਿੱਚ ਉਨ੍ਹਾਂ ਦੀਆਂ ਨਿਰੰਤਰ ਨਿਯੁਕਤੀਆਂ ਦੀਆਂ ਮਿਤੀਆਂ ਦੁਆਰਾ ਨਿਸ਼ਚਿਤ ਕੀਤੀ ਜਾਵੇਗੀ ।

ਪਹਿਲੀ ਸ਼ਰਤ ਇਹ ਹੈ ਕਿ ਸਿੱਧੀ ਨਿਯੁਕਤੀ ਦੁਆਰਾ ਨਿਯੁਕਤ ਵਿਅਕਤੀਆਂ ਦੀ ਹਾਲਤ ਵਿੱਚ ਜਿੱਥੋਂ ਤੱਕ ਉਨ੍ਹਾਂ ਪਦਾਂ ਦੀ ਸ਼੍ਰੇਣੀ ਜਿਨ੍ਹਾਂ ਵਿੱਚ ਸਿੱਧੀ ਨਿਯੁਕਤੀ ਕੀਤੀ ਗਈ ਹੋਵੇ, ਵਿੱਚ ਸੀਨੀਅਰਤਾ ਦਾ ਸੰਬੰਧ ਹੈ, ਚੋਣ ਬਾਰੇ ਨਿਸ਼ਚਿਤ ਕੀਤਾ ਗਿਆ ਯੋਗਤਾ ਦਾ ਕ੍ਰਮ ਨੰਬਰ ਭੰਗ ਨਹੀਂ ਕੀਤਾ ਜਾਵੇਗਾ ਅਤੇ ਪੂਰਵ ਚੋਣ ਦੇ ਪਰਿਣਾਮ ਸਰੂਪ ਨਿਯੁਕਤ ਵਿਅਕਤੀ ਆਗਾਮੀ ਚੋਣ ਦੇ ਪਰਿਣਾਮ ਸਰੂਪ ਨਿਯੁਕਤ ਵਿਅਕਤੀਆਂ ਤੋਂ ਸੀਨੀਅਰ ਹੋਣਗੇ । ਪਰੰਤੂ, ਸਿੱਧੀ ਭਰਤੀ ਰਾਹੀਂ ਨਿਯੁਕਤ ਕੀਤਾ ਗਿਆ ਸੇਵਾ ਦਾ ਉਹ ਮੈਂਬਰ, ਜਿਸ ਦੇ ਪ੍ਰੀਖਿਆ ਕਾਲ ਵਿੱਚ ਵਾਧਾ ਕੀਤਾ ਗਿਆ ਹੋਵੇ, ਚੋਣ ਸਮੇਂ ਦੀ ਮੈਰਿਟ ਸਥਿਤੀ ਦੇ ਆਧਾਰ ਤੇ ਸੀਨੀਅਰਤਾ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਉਸਦੀ ਸੀਨੀਅਰਤਾ ਇਸ ਹੇਠ ਦਿੱਤੇ ਨੋਟ-2 ਅਨੁਸਾਰ ਨਿਯੁਕਤੀ ਦੀ ਮੰਨੀ ਜਾਂਦੀ ਮਿਤੀ (ਡੀਮਡ ਡੇਟ) ਦੇ ਆਧਾਰ ਤੇ ਨਿਸ਼ਚਿਤ ਕੀਤੀ ਜਾਵੇਗੀ ।

ਦੂਜੀ ਸ਼ਰਤ ਇਹ ਹੈ ਕਿ ਇਕ ਹੀ ਮਿਤੀ ਵਿੱਚ ਦੋ ਜਾਂ ਦੋ ਤੋਂ ਵੱਧ ਨਿਯੁਕਤ ਵਿਅਕਤੀਆਂ ਦੀ ਸੂਰਤ

ਵਿੱਚ ਨਿਮਨਲਿਖਿਤ ਅਧਾਰ ਤੇ ਸੀਨੀਅਰਤਾ ਨਿਸ਼ਚਿਤ ਕੀਤੀ ਜਾਵੇਗੀ :-

ੳ) ਅਜਿਹੀ ਮਿਤੀ ਤੇ ਉਹਨਾਂ ਨੂੰ ਮਿਲਣ ਵਾਲੀ ਤਨਖਾਹ ਦੇ ਅਨੁਸਾਰ ਵੱਧ ਤਨਖਾਹ ਲੈਣ ਵਾਲੇ ਨੂੰ ਘੱਟ ਤਨਖਾਹ ਲੈਣ ਵਾਲੇ ਤੋਂ ਉਪਰ ਰੱਖਿਆ ਜਾਵੇਗਾ ਅਤੇ ਜੇਕਰ ਨਿਯੁਕਤੀ ਦੀ ਮਿਤੀ ਅਤੇ ਤਨਖਾਹ ਦੋਵੇਂ ਇਕੋ ਜਿਹੀਆਂ ਹੋਣ ਤਾਂ ਉਮਰ ਦੇ ਅਨੁਸਾਰ ਵੱਧ ਉਮਰ ਵਾਲੇ ਨੂੰ ਘੱਟ ਉਮਰ ਵਾਲੇ ਤੋਂ ਉਪਰ ਰੱਖਿਆ ਜਾਵੇਗਾ ।

ਅ) ਪਦ-ਉਨੱਤੀ ਦੁਆਰਾ ਨਿਯੁਕਤ ਸੇਵਾ ਵਾਲੇ ਵਿਅਕਤੀਆਂ ਦੀ ਸੂਰਤ ਵਿੱਚ ਉਹਨਾਂ ਦੀ ਸੀਨੀਅਰਤਾ, ਉਸ ਹੇਠਲੀ ਸ਼੍ਰੇਣੀ ਵਿੱਚ ਉਹਨਾਂ ਦੀ ਪਰਸਪਰ ਸੀਨੀਅਰਤਾ, ਜਿਸ ਵਿੱਚ ਉਹਨਾਂ ਨੂੰ ਪਦ-ਉਂਨਤ ਕੀਤਾ ਗਿਆ ਹੋਵੇ, ਦੇ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ ਜਦੋਂ ਤੱਕ ਕਿ ਹੇਠਲੀ ਸ਼੍ਰੇਣੀ ਦਾ ਕੋਈ ਵਿਅਕਤੀ ਉਸ ਸ਼੍ਰੇਣੀ ਦੇ ਕਿਸੇ ਦੂਜੇ ਵਿਅਕਤੀ, ਜੋ ਉਸ ਤੋਂ ਸੀਨੀਅਰ ਹੋਵੇ, ਤੋਂ ਪਹਿਲਾਂ ਪਦ-ਉਂਨਤ ਨਾ ਕੀਤਾ ਗਿਆ ਹੋਵੇ ਅਤੇ ਉਪਰ d; ftnesh~ gd-TBshbJhnD-Tg:essk (unsuitability) ਜਾਂ ਅਯੋਗਤਾ ਦੇ ਕਾਰਨ ਛੱਡ ਦਿੱਤਾ ਗਿਆ ਹੋਵੇ ਜਿਸ ਹਾਲਤ ਵਿੱਚ ਹੇਠਲੀ ਸ਼੍ਰੇਣੀ ਦਾ ਉਹ ਵਿਅਕਤੀ ਜੋ ਪਹਿਲਾਂ ਪਦ-ਉਂਨਤ ਕੀਤਾ ਗਿਆ ਹੋਵੇ, ਹੇਠਲੀ ਸ਼੍ਰੇਣੀ ਦੇ ਅਜਿਹੇ ਦੂਜੇ ਵਿਅਕਤੀ ਤੋਂ ਉੱਚ ਸ਼੍ਰੇਣੀ ਵਿੱਚ ਉਪਰ ਰੱਖਿਆ ਜਾਵੇਗਾ ਜੇਕਰ ਕਦੇ ਵੀ ਉਪਰ ਦੱਸੇ ਵਿਅਕਤੀ ਨੂੰ ਪਦ-ਉਨੱਤ ਕੀਤਾ ਜਾਵੇ ।

ਤੀਜੀ ਸ਼ਰਤ ਇਹ ਹੈ ਕਿ ਸੇਵਾ ਵਾਲਾ ਉਹ ਵਿਅਕਤੀ ਜਿਸ ਨੂੰ ਸਿੱਧੀ ਭਰਤੀ ਦੁਆਰਾ ਨਿਯੁਕਤ ਕੀਤਾ ਗਿਆ ਹੋਵੇ, ਪਦ-ਉਨੱਤੀ ਦੁਆਰਾ ਨਿਯੁਕਤ ਕੀਤੇ ਗਏ ਵਿਅਕਤੀ ਤੋਂ ਸੀਨੀਅਰ ਹੋਵੇਗਾ ।

ਚੌਥੀ ਸ਼ਰਤ ਇਹ ਹੈ ਕਿ ਬਦਲੀ ਦੁਆਰਾ ਨਿਯੁਕਤ ਸੇਵਾ ਵਾਲੇ ਵਿਅਕਤੀ ਦੀ ਸੀਨੀਅਰਤਾ ਹਰ ਕੇਸ ਦੇ ਗੁਣ ਦੋਸ਼ ਦੇ ਅਧਾਰ ਤੇ ਨਿਸ਼ਚਤ ਕੀਤੀ ਜਾਵੇਗੀ ।

ਪੰਜਵੀਂ ਸ਼ਰਤ ਇਹ ਹੈ ਕਿ ਜੇਕਰ ਸੀਨੀਅਰ ਵਿਅਕਤੀ ਦੀ ਪਦ-ਉਨੱਤੀ ਦੇ ਲਈ ਅਕੁਸ਼ਲਤਾ ਜਾਂ ਉਸ ਦੀ ਅਣ-ਯੋਗਤਾ ਤੋਂ ਇਲਾਵਾ ਕਿਸੇ ਦੂਜੇ ਕਾਰਨ ਕਰਕੇ ਸੇਵਾ ਦੇ ਕਿਸੇ ਵਿਅਕਤੀ ਨੂੰ ਉਸਦੇ ਸੀਨੀਅਰ ਤੋਂ ਪਹਿਲਾਂ ਕਿਸੇ ਪਦ ਤੇ ਅਸਥਾਈ ਰੂਪ ਵਿੱਚ ਪਦ-ਉਨੱਤ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਪਰਸਪਰ ਸੀਨੀਅਰਤਾ ਉਸ ਹੇਠਲੀ ਸ਼੍ਰੇਣੀ ਵਿੱਚ ਉਹਨਾਂ ਦੀ ਪਰਸਪਰ ਸੀਨੀਅਰਤਾ ਦੇ ਅਨੁਸਾਰ ਹੋਵੇਗੀ ਜਿਸ ਸ਼੍ਰੇਣੀ ਵਿਚੋਂ ਉਹਨਾਂ ਨੂੰ ਪਦ-ਉਂਨਤ ਕੀਤਾ ਗਿਆ ਸੀ ।

ਛੇਵੀਂ ਸ਼ਰਤ ਇਹ ਹੈ ਕਿ ਨਿਮਨ ਕਾਡਰਾਂ ਵਿੱਚੋਂ ਹੇਠਲੀ ਸ਼੍ਰੇਣੀ ਕਲਰਕ ਦੇ ਪਦ ਦੇ ਲਈ, ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀਆਂ ਦੀ ਪਦ-ਉਨੱਤੀ ਦੇ ਲਈ ਯੋਗਤਾ ਦੀ ਹਾਲਤ ਵਿੱਚ ਹੇਠਲੀ ਸ਼੍ਰੇਣੀ ਕਲਰਕ ਦੇ ਰੂਪ ਵਿੱਚ ਉਹਨਾਂ ਦੀ ਨਿਯੁਕਤੀ ਦੇ ਲਈ ਉਹਨਾਂ ਦੀ ਸੀਨੀਅਰਤਾ, ਪਦ-ਉਨੱਤ ਤੇ ਵਿਚਾਰ ਕਰਦੇ ਸਮੇਂ,

ਨਿਮਨਲਿਖਿਤ ਅਧਾਰ ਤੇ ਨਿਸ਼ਚਿਤ ਕੀਤੀ ਜਾਵੇਗੀ :-

ੳ) ਉੱਚ ਪਦਾਂ ਤੇ ਕੰਮ ਕਰਨ ਵਾਲੇ ਹੇਠਲੇ ਪਦਾਂ ਤੇ ਕੰਮ ਕਰਨ ਵਾਲਿਆਂ ਨਾਲੋਂ ਸੀਨੀਅਰ ਹੋਣਗੇ।

ਅ) ਬਰਾਬਰ ਤਨਖਾਹਾਂ, ਪਰੰਤੂ ਭਿੰਨ ਭਿੰਨ ਸ਼੍ਰੇਣੀਆਂ ਨਾਲ ਸਬੰਧਤ ਆਪਣੀਆਂ ਬਰਾਬਰ ਤਨਖਾਹਾਂ ਵਿੱਚ ਨਿਰੰਤਰ ਸੇਵਾ ਕਾਲ ਦੇ ਕ੍ਰਮ ਵਿੱਚ ਅਥਵਾ ਜੇਕਰ ਉਹਨਾਂ ਦੀ ਨਿਯੁਕਤੀ ਮਿਤੀ ਵੀ ਬਰਾਬਰ ਹੋਵੇ ਤਾਂ ਅਜਿਹੇ ਵਿਅਕਤੀਆਂ ਦੀ ਸੂਰਤ ਵਿੱਚ ਉਹਨਾਂ ਦੀ ਉਮਰ ਦੇ ਕ੍ਰਮ ਨਾਲ ਵੱਧ ਉਮਰ ਵਾਲੇ ਵਿਅਕਤੀ ਨੂੰ ਘੱਟ ਉਮਰ ਵਾਲੇ ਵਿਅਕਤੀ ਤੋਂ ਉਪਰ ਰੱਖਿਆ ਜਾਵੇਗਾ ।

2. ਇਕੋ ਹੀ ਕਾਡਰ ਵਿੱਚ ਕੰਮ ਕਰਨ ਵਾਲਿਆਂ ਦੀ ਸੂਰਤ ਵਿੱਚ, ਜਿਸ ਪਦ ਤੋਂ ਉਨ੍ਹਾਂ ਨੂੰ ਪਦ-ਉੱਨਤ ਕੀਤਾ ਜਾਣਾ ਹੈ ਉਸ ਪਦ ਤੇ ਉਹਨਾਂ ਦੀ ਪਰਸਪਰ ਸੀਨੀਅਰਤਾ ਦੇ ਕ੍ਰਮ ਅਨੁਸਾਰ ਸੀਨੀਅਰ ਹੋਣਗੇ ।

ਨੋਟ :- 1 ਪੂਰੀ ਤਰ੍ਹਾਂ ਅਸਥਾਈ ਅਧਾਰ ਤੇ ਨਿਯੁਕਤ ਵਿਅਕਤੀਆਂ ਦੀ ਸੀਨੀਅਰਤਾ, ਜਦੋਂ ਕਦੇ ਵੀ ਉਹਨਾਂ ਨੂੰ ਸਥਾਈ ਰੂਪ ਵਿੱਚ ਨਿਯੁਕਤ ਕੀਤਾ ਜਾਵੇ, ਉਹਨਾਂ ਦੀ ਸਥਾਈ ਨਿਯੁਕਤੀ ਦੀ ਮਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਸ਼ਚਿਤ ਕੀਤੀ ਜਾਵੇਗੀ ।

2 ਜੇਕਰ ਸੇਵਾ ਦਾ ਕੋਈ ਮੈਂਬਰ ਪ੍ਰੀਖਿਆ ਕਾਲ ਦੇ ਨਿਰਧਾਰਿਤ ਸਮੇਂ ਦੌਰਾਨ ਲਗਾਤਾਰ ਨਿਯੁਕਤੀ ਲਈ ਖੁਦ ਨੂੰ ਯੋਗ ਨਹੀਂ ਬਣਾਉਂਦਾ ਤਾਂ ਨਿਯੁਕਤੀ ਅਧਿਕਾਰੀ ਇਹ ਫੈਸਲਾ ਕਰੇਗਾ ਕਿ ਇਸ ਨਿਯਮ ਦੇ ਮੰਤਵ ਲਈ ਉਸਦੀ ਨਿਯੁਕਤੀ ਦੀ ਮਿਤੀ ਨੂੰ ਪ੍ਰੀਖਿਆ ਕਾਲ ਦੀ ਨਿਰਧਾਰਿਤ ਅਵਧੀ ਤੋਂ ਅੱਗੇ ਉਤਨੇ ਸਮੇਂ ਲਈ ਵਧਾ ਦਿੱਤਾ ਜਾਵੇ ਜਿਤਨੇ ਸਮੇਂ ਲਈ ਅਜਿਹੇ ਕਰਮਚਾਰੀ ਦੀ ਲਗਾਤਾਰ ਨਿਯੁਕਤੀ ਵਿੱਚ ਰੁਕਾਵਟ ਪਈ ਹੋਵੇ ।

ਉਨ੍ਹਾਂ ਕਰਮਚਾਰੀਆਂ ਦੇ ਇਲਾਵਾ ਜਿਨ੍ਹਾਂ ਨੂੰ ਇਹਨਾਂ ਵਿਨਿਯਮਾਂ ਦੇ ਲਾਗੂ ਹੋਣ ਤੋਂ ਪਹਿਲਾ ਹੀ ਸਥਾਈ ਕਰ ਦਿੱਤਾ ਗਿਆ ਹੈ, ਕਿਸੇ ਕਾਡਰ ਵਿੱਚ ਸੇਵਾ ਦੇ ਵਿਅਕਤੀਆਂ ਦੀ ਸੀਨੀਅਰਤਾ, ਇਸ ਵਿਨਿਯਮ ਦੇ ਅਨੁਸਾਰ ਨਿਸ਼ਚਿਤ ਅਤੇ ਨਿਯਮਤ ਹੋਵੇਗੀ ।

ਸੇਵਾ ਵਾਲੇ ਵਿਅਕਤੀਆਂ ਦੀ ਤਨਖਾਹ :

13 ਸੇਵਾ ਵਾਲੇ ਵਿਅਕਤੀ ਬੋਰਡ ਦੁਆਰਾ ਸਮੇਂ ਸਮੇਂ ਤੇ ਪ੍ਰਵਾਨਿਤ ਤਨਖਾਹ ਸਕੇਲਾਂ ਦੇ ਹੱਕਦਾਰ ਹੋਣਗੇ । ਸਨਿਸ਼ਚਿਤ (Specified) ਪਦਾਂ ਨਾਲ ਸੰਬੰਧਿਤ ਵਰਤਮਾਨ ਤਨਖਾਹ ਸਕੇਲ ਅਨੁਲਗ 'ੳ' ਵਿੱਚ ਦਿੱਤੇ ਗਏ ਹਨ ।

ਛੁੱਟੀ, ਪੈਨਸ਼ਨ ਅਤੇ ਹੋਰ ਦੂਜੇ ਮਾਮਲੇ :

14 ਸੇਵਾ ਵਾਲੇ ਵਿਅਕਤੀ ਤਨਖਾਹ, ਛੁੱਟੀ, ਪੈਨਸ਼ਨ ਅਤੇ ਹੋਰ ਦੂਜੇ ਸਾਰੇ ਮਾਮਲੇ ਜ੍ਹਿਨਾਂ ਦੇ ਸੰਬੰਧ ਵਿੱਚ ਵਿਨਿਯਮਾਂ ਵਿੱਚ ਵਿਸ਼ੇਸ਼ ਕਰਕੇ ਕੋਈ ਵਿਵਸਥਾ ਨਹੀਂ ਕੀਤੀ ਗਈ, ਅਜਿਹੇ ਨਿਯਮਾਂ ਅਤੇ ਵਿਨਿਯਮਾਂ ਦੁਆਰਾ ਸ਼ਾਮਲ ਹੋਣਗੇ ਜੋ ਨਿਯੁਕਤੀ ਅਧਿਕਾਰੀ ਦੁਆਰਾ ਅਪਣਾਏ ਜਾਂ ਬਣਾਏ ਗਏ ਹੋਣ ਜਾਂ ਅੱਜ ਤੋਂ ਬਾਅਦ ਬਣਾਏ ਜਾਂ ਅਪਣਾਏ ਜਾਣਗੇ।

ਅਨੁਸ਼ਾਸਨ, ਸਜ਼ਾ ਅਤੇ ਅਪੀਲਾਂ

15. 1) ਅਨੁਸ਼ਾਸਨ ਸਜ਼ਾ ਅਤੇ ਅਪੀਲਾਂ ਦੇ ਵਿਸ਼ੇ ਵਿੱਚ ਸੇਵਾ ਵਾਲੇ ਵਿਅਕਤੀ ਸਮੇਂ-ਸਮੇਂ ਤੇ ਸੰਸ਼ੋਧਿਤ ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ (ਸਜ਼ਾ ਤੇ ਅਪੀਲ) ਵਿਨਿਯਮ, 1971 ਦੁਆਰਾ ਸ਼ਾਸ਼ਿਤ ਹੋਣਗੇ ।ਪਰੰਤੂ ਇਹ ਵਿਨਿਯਮ ਉਹਨਾਂ ਸਰਕਾਰੀ ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੇ ਜੋ 31-1-1959 ਨੂੰ ਪਹਿਲੇ ਪੰਜਾਬ ਲੋਕ ਨਿਰਮਾਣ ਵਿਭਾਗ ਦੀ ਬਿਜਲੀ ਸ਼ਾਖਾ ਵਿੱਚ ਮੂਲ ਸਥਾਈ ਪੈਨਸ਼ਨ ਯੋਗ ਪਦਾਂ ਤੇ ਤਾਇਨਾਤ ਸਨ ਅਤੇ ਇਸ ਵਿੱਚ ਉਹ ਕਰਮਚਾਰੀ ਵੀ ਸ਼ਾਮਲ ਹਨ ਜੋ ਪੰਜਾਬ ਸਰਕਾਰ ਦੇ ਅਧੀਨ ਉਕਤ ਸ਼ਾਖਾ ਵਿੱਚ ਸਥਾਈ ਪਦਾਂ ਤੇ ਪਰਖ ਅਧੀਨ (**Probation**) ਸਨ ਜਦੋਂ ਉਹ ਬੋਰਡ ਵਿੱਚ 'ਬਾਹਰੀ ਸੇਵਾ' (**Foreign Service**) ਤੇ ਸਨ ਅਤੇ ਜਦੋਂ ਉਹਨਾਂ ਦੀਆਂ ਸੇਵਾਵਾਂ ਬੋਰਡ ਵਿੱਚ ਬਦਲ ਦਿੱਤੀਆਂ ਗਈਆਂ ਸਨ । ਅਜਿਹੇ ਕਰਮਚਾਰੀ ਪੰ.ਰਾ.ਬਿ.ਬੋ. ਕਰਮਚਾਰੀ (ਸਜ਼ਾ ਤੇ ਅਪੀਲ) ਵਿਨਿਯਮ 1971 ਦੇ ਅਨੁਲਗ 'ੳ' ਵਿੱਚ ਦਿੱਤੇ ਵਿਨਿਯਮ ਦੁਆਰਾ ਉਦੋਂ ਤੱਕ ਸ਼ਾਸ਼ਤ ਹੋਣਗੇ ਜਦੋਂ ਤੱਕ ਉਹ ਇਹਨਾਂ ਵਿਨਿਯਮਾਂ ਅਧੀਨ ਆਉਣ ਲਈ ਚੋਣ ਨਹੀਂ ਕਰ ਲੈਂਦੇ ।

2) ਪੰ.ਰਾ.ਬਿ.ਬੋ. ਕਰਮਚਾਰੀ (ਸਜ਼ਾ ਤੇ ਅਪੀਲ) ਵਿਨਿਯਮ 1971 ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਵਿਨਿਯਮ 1970 ਅਧੀਨ ਦੰਡ ਦੇਣ ਦਾ ਅਧਿਕਾਰੀ ਅਤੇ ਸੇਵਾ ਵਾਲੇ ਵਿਅਕਤੀਆਂ ਦੇ ਸੰਬੰਧ ਵਿੱਚ ਇਸ ਅਧੀਨ ਅਪੀਲ ਅਧਿਕਾਰੀ, ਇਹਨਾਂ ਵਿਨਿਯਮਾਂ ਦੇ ਅਨੁਲਗ 'ੲ' ਵਿੱਚ ਨਿਰਧਾਰਤ ਕੀਤੇ ਅਨੁਸਾਰ ਹੋਵੇਗਾ ।

ਟੀਕਾਕਰਨ ਅਤੇ ਪੁਨਰ-ਟੀਕਾਕਰਨ ਦੀ ਜ਼ਿੰਮੇਵਾਰੀ

16 ਜਦੋਂ ਵੀ ਬੋਰਡ ਕਿਸੇ ਵਿਸ਼ੇਸ਼ ਜਾਂ ਸਧਾਰਨ ਆਦੇਸ਼ ਦੁਆਰਾ ਅਜਿਹਾ ਨਿਰਦੇਸ਼ ਦੇਵੇ ਤਾਂ ਸੇਵਾ ਦੇ ਹਰ ਇਕ ਵਿਅਕਤੀ ਨੂੰ ਟੀਕਾ ਜਾਂ ਪੁਨਰ ਟੀਕਾ ਕਰਾਉਣਾ ਪਵੇਗਾ ।

ਸੇਵਾ ਦੇ ਵਿਅਕਤੀਆਂ ਦੀ ਬਦਲੀ ਦੀ ਜ਼ਿੰਮੇਵਾਰੀ

17 ਸੇਵਾ ਦੇ ਕਿਸੇ ਵੀ ਵਿਅਕਤੀ ਨੂੰ ਬੋਰਡ ਮੁੱਖ ਸੇਵਾਵਾਂ ਵਿਨਿਯਮ, 1972 ਜਿਲਦ-1 ਭਾਗ-1 ਦੇ ਵਿਨਿਯਮ 3.16 ਵਿੱਚ ਨਿਰਧਾਰਤ ਸੇਵਾ ਸ਼ਰਤਾਂ ਤੇ ਕਿਸੇ ਵੀ ਪਦ ਤੇ ਬਦਲ ਸਕਦਾ ਹੈ ਚਾਹੇ ਉਹ ਕਿਸੇ ਹੋਰ ਦੂਜੀ ਸੇਵਾ ਵਿੱਚ ਸੰਮਿਲਿਤ ਹੋਵੇ ਜਾਂ ਨਾ ।

ਸੇਵਾ ਲਈ ਜ਼ਿੰਮੇਵਾਰੀ **(Liability)**

18 ਸਮਰਥ ਅਧਿਕਾਰੀ ਦੁਆਰਾ ਆਦੇਸ਼ ਦਿੱਤੇ ਜਾਣ ਤੇ ਸੇਵਾ ਦਾ ਕੋਈ ਵੀ ਵਿਅਕਤੀ ਕਿਸੇ ਵੀ ਸਥਾਨ

ਤੇ ਸੇਵਾ ਕਰਨ ਲਈ ਪਾਬੰਧ ਹੋਵੇਗਾ ਚਾਹੇ ਉਹ ਸਥਾਨ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਹੋਵੇ ਜਾਂ ਬਾਹਰ ।

ਵਫਾਦਾਰੀ ਦੀ ਸਹੁੰ

19 ਸੇਵਾ ਦੇ ਹਰ ਇਕ ਮੈਂਬਰ ਨੂੰ ਪ੍ਰਵਾਣਿਤ ਕਾਨੂੰਨ ਅਨੁਸਾਰ ਭਾਰਤ ਅਤੇ ਭਾਰਤ ਦੇ ਸੰਵਿਧਾਨ ਪ੍ਰਤੀ ਵਫਾਦਾਰੀ ਦੀ ਸਹੁੰ ਚੁੱਕਣੀ ਪਵੇਗੀ ਜੇਕਰ ਉਸ ਨੇ ਪਹਿਲਾਂ ਸਹੁੰ ਨਾ ਚੁੱਕੀ ਹੋਵੇ ।

ਛੋਟ ਦੇਣ ਦੇ ਅਧਿਕਾਰ

20 ਜਿੱਥੇ ਕਿਤੇ ਬੋਰਡ ਦਾ ਵਿਚਾਰ ਹੋਵੇ ਕਿ ਕਰਮਚਾਰੀਆਂ ਦੀ ਕਿਸੇ ਸ਼੍ਰੇਣੀ ਜਾਂ ਵਰਗ ਦੇ ਸੰਬੰਧ ਵਿੱਚ ਅਜਿਹਾ ਕਰਨਾ ਜਰੂਰੀ ਜਾਂ ਸਮੇਂ ਅਨੁਸਾਰ ਉਚਿਤ ਹੈ ਤਾਂ ਬੋਰਡ ਅਜਿਹਾ ਕਰਨ ਦੇ ਲਈ ਕਾਰਨਾਂ ਨੂੰ ਲਿਖ ਕੇ,ਆਦੇਸ਼ ਦੁਆਰਾ ਇਹਨਾਂ ਵਿਨਿਯਮਾਂ ਦੇ ਕਿਸੇ ਵੀ ਉਪਬੰਧ ਵਿੱਚ ਛੋਟ ਦੇ ਸਕਦਾ ਹੈ ।

ਵਿਨਿਯਮਾਂ ਦੀ ਵਿਆਖਿਆ

21 ਜੇਕਰ ਵਿਨਿਯਮਾਂ ਦੀ ਵਿਆਖਿਆ ਦਾ ਪ੍ਰਸ਼ਨ ਖੜਾ ਹੋ ਜਾਵੇ ਤਾਂ ਸਕੱਤਰ ਇਸ ਦਾ ਨਿਰਣਾ ਕਰੇਗਾ ।

ਬੋਰਡ ਦੇ ਆਦੇਸ਼ ਦੁਆਰਾ

ਸਕੱਤਰ

ਪੰਜਾਬ ਰਾਜ ਬਿਜਲੀ ਬੋਰਡ,

ਪਟਿਆਲਾ ।

## ਅਨੁਲਗ - ੳ

(ਵਿਨਿਯਮ-3 (1) ਅਤੇ (13) ਦੇ ਹਵਾਲੇ ਵਿਚ)

| ਕ੍ਰਮ ਨੰ: | ਆਸਾਮੀ ਦਾ ਨਾਂ | ਤਨਖਾਹ ਸਕੈਲ (ਮਿਤੀ 1-1-96 ਤੋਂ ਲਾਗੂ) |
|---|---|---|
| 1. | 2. | 3. |
| 1. | ਸੁਪਰਡੈਂਟਗਰੇਡ-2 | 7000–250–8000–275–9100–300–10,000–350–11750 |
| 2. | ਸਰਕਲ ਸੁਪਰਡੈਂਟ | 6300–200–6500–250–8000–275–9100–300–9400 |
| 3. | ਮੁੱਖ ਦਫਤਰ ਸਹਾਇਕ (ਸੀ: ਸਹਾਇਕ) | 6300–200–6500–250–8000–275–9100–300–10000–350–10700 |
| 4. | ਹੈਡ ਕਲਰਕ | 7000–250–8000–275–9100–300–10000–350–11750 |
| 5. | ਸਰਕਲ ਸਹਾਇਕ | 6100–200–6500–250–8000–275–9100–300–9400 |
| 6 | ਉਚ ਸ਼੍ਰੇਣੀ ਕਲਰਕ | 4600–175–5300–200–6500–250–7250 |
| 7. | ਹੇਠਲੀ ਸ਼੍ਰੇਣੀ ਕਲਰਕ | 3480–130–4000–180–4600–175–5300–200–6500<br>4600–175–5300–200–6500–250–7250 (50 : 50) |
| 8. | ਰੈਸਟੋਰਰ | 3260–110–3480–130–4000–150–4600–175–5300 |
| 9. | ਫੋਤੇਦਾਰ | 950–25–1200–30–1560–40–1800+50 ਰੁ: ਵਿਸ਼ੇਸ਼ ਭੱਤਾ (ਅਨ-ਰਿਵਾਈਜ਼ਡ) (ਇਹ ਸਕੇਲ ਵਰਤਮਾਨ ਕਰਮਚਾਰੀਆਂ ਲਈ ਲਾਗੂ ਹੈ । ਭਵਿੱਖ ਵਿਚ ਇਹ ਅਸਾਮੀ ਹੇ:ਸ਼੍ਰੇ:ਕ: ਵਿਚੋਂ ਭਰੀ ਜਾਵੇਗੀ) । |
| 10. | ਡੁਪਲੀਕੈਟਿੰਗ ਮਸ਼ੀਨ ਅਟੈਂਡੈਂਟ | 3260–110–3480–130–4000–150–4600–175–5300 |

### ਅਨੁਲਗ-'ਅ' (ਭਾਗ-I)

### ਮੁੱਖ ਦਫਤਰ ਕਾਡਰ

(ਵਿਨਿਯਮ-2 (ਘ) ਦੇ ਹਵਾਲੇ ਵਿੱਚ)

1. ਸੁਪਰਡੈਂਟ ਗਰੇਡ-II

2. ਮੁੱਖ ਦਫਤਰ ਸਹਾਇਕ/
ਸੀਨੀਅਰ ਸਹਾਇਕ

3. ਰੈਸਟੋਰਰ, ਫੋਤੇਦਾਰ ਅਤੇ
ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟ

ਨੋਟ :- ਹੇਠਲੀ ਸ੍ਰੇਣੀ ਕਲਰਕ/ਕੈਸ਼ੀਅਰ ਅਤੇ ਉੱਚ ਸ੍ਰੇਣੀ ਕਲਰਕ, ਜਿਨ੍ਹਾਂ ਨੂੰ ਮੁੱਖ ਦਫਤਰ ਕਾਡਰ ਵਿੱਚ ਭਰਤੀ ਕੀਤਾ ਗਿਆ ਸੀ ਪਰੰਤੂ ਉਹਨਾਂ ਨੇ ਸੰਯੁਕਤ ਏਕੀਕਰਨ ਕਾਡਰ (ਜਾਇੰਟ ਇਨਟੇਗਰੇਟਿਡ ਕਾਡਰ) ਵਿੱਚ ਸ਼ਾਮਲ ਹੋਣ ਦੀ ਚੋਣ ਨਹੀਂ ਕੀਤੀ, ਉਹ ਵੀ ਮੁੱਖ ਦਫਤਰ ਕਾਡਰ ਵਿੱਚ ਸ਼ਾਮਲ ਹੋਣਗੇ ।

### ਅਨੁਲਗ - 'ਅ' (ਭਾਗ-II)

### ਸੰਯੁਕਤ ਸਰਕਲ ਕਾਡਰ

(ਵਿਨਿਯਮ-2 (ਹ) ਦੇ ਹਵਾਲੇ ਵਿੱਚ).

1. ਸਰਕਲ ਸੁਪਰਡੈਂਟ

2. ਹੈੱਡ ਕਲਰਕ

3. ਸਰਕਲ ਸਹਾਇਕ/ਸਹਾਇਕ ਮਾਲ ਲੇਖਾਕਾਰ

ਨੋਟ :-ਹੇਠਲੀ ਸ੍ਰੇਣੀ ਕਲਰਕ/ਕੈਸ਼ੀਅਰ ਅਤੇ ਉੱਚ ਸ੍ਰੇਣੀ ਕਲਰਕ ਜਿਨ੍ਹਾਂ ਨੂੰ ਸੰਯੁਕਤ ਸਰਕਲ ਕਾਡਰ ਵਿੱਚ ਭਰਤੀ ਕੀਤਾ ਗਿਆ ਸੀ ਪਰੰਤੂ ਜਿਨ੍ਹਾਂ ਨੇ ਸੰਯੁਕਤ ਏਕੀਕਰਨ ਕਾਡਰ (Joint Integrated Cadre) ਵਿੱਚ ਸ਼ਾਮਲ ਹੋਣ ਦੀ ਚੋਣ (option) ਨਹੀਂ ਦਿੱਤੀ ਸੀ, ਉਹ ਵੀ ਸੰਯੁਕਤ ਕਾਡਰ ਵਿੱਚ ਸ਼ਾਮਲ ਹੋਣਗੇ ।

ਅਨੁਲਗ-'ਅ' (ਭਾਗ-III)

ਸੰਯੁਕਤ ਏਕੀਕਰਣ ਕਾਡਰ

**(Joint Integrated Cadre)**

(ਵਿਨਿਯਮ-2 (ਝ) ਦੇ ਹਵਾਲੇ ਵਿੱਚ)

| | | |
|---|---|---|
| 1. | ਉੱਚ ਸ਼੍ਰੇਣੀ ਕਲਰਕ | )(ਕੈਸ਼ੀਅਰਾਂ ਸਮੇਤ ਜੋ ਭਾਵੇਂ ਉੱਚ |
| 2. | ਹੇਠਲੀ ਸ਼੍ਰੇਣੀ ਕਲਰਕ/<br>ਕੈਸ਼ੀਅਰ | )(ਸ਼੍ਰੇਣੀ ਕਲਰਕ ਜਾਂ ਹੇਠਲੀ ਸ਼੍ਰੇਣੀ<br>)(ਕਲਰਕ ਹੋਣ । |

— *—

## ਅਨੁਲਗ - 'ਈ'

(ਵਿਨਿਯਮ-4 ਅਤੇ 5 ਦੇ ਹਵਾਲੇ ਵਿਚ)

| ਕ੍ਰਮਚਾਰੀਆਂ ਦਾ ਪਦ ਨਾਮ | ਨਿਯੁਕਤੀ ਅਧਿਕਾਰੀ | ਦੰਡ ਦੀ ਕਿਸਮ | ਸਮਰਥ ਅਧਿਕਾਰੀ | ਅਪੀਲੀ |
|---|---|---|---|---|
| 1 | 2 | 3 | 4 | 5 |
| ਸੁਪਰਡੈਂਟ ਗਰੇਡ-II,ਮੁੱਖ ਦਫਤਰ ਸਹਾਇਕ, ਉਚੱ ਸ਼੍ਰੇਣੀ ਕਲਰਕ, ਹੇਠਲੀ ਸ਼੍ਰੇਣੀ ਕਲਰਕ/ਕੈਸ਼ੀਅਰ, ਰੈਸਟੋਰਰ, ਡੁਪਲੀਕੇਟਿੰਗ ਮਸ਼ੀਨ ਅਟੈਂਡੈਂਟ (ਜਿਹੜੇ ਸਦਰ ਮੁਕਾਮ ਦਫਤਰ ਜਾਂ ਮੁੱਖ ਦਫਤਰ ਦੀ ਸੰਖਿਆ/ ਕਾਡਰ ਵਿੱਚ ਕੰਮ ਕਰਦੇ ਹੋਣ । | ਸਕੱਤਰ | ਮਾਮੂਲੀ ਦੰਡ<br>i) ਨਖੇਧੀ ਕਰਨਾ<br>ii) ਉਸ ਦੀਆਂ ਪਦ-ਉਨਤੀਆਂ ਤੇ ਰੋਕ<br>iii) ਅਣ-ਗਹਿਲੀ ਜਾਂ ਆਦੇਸ਼ਾਂ ਦੀ ਉਲੰਘਣਾ ਕਰਨ ਕਰਕੇ ਉਸ ਦੁਆਰਾ ਬੋਰਡ ਨੂੰ ਹੋਈ ਕਿਸੇ ਆਰਥਕ ਸਾਰੀ ਦੀ ਸਾਰੀ ਹਾਨੀ ਜਾਂ ਉਸਦੇ ਕਿਸੇ ਭਾਗ ਦੀ ਪੂਰਤੀ ਲਈ ਉਸਦੀ ਤਨਖਾਹ ਵਿੱਚੋਂ ਵਸੂਲੀ ਕਰਨਾ ।<br>iv) ਸਮੁੱਚੇ/ਅਸਮੁੱਚੇ ਪ੍ਰਭਾਵ ਸਹਿਤ ਸਲਾਨਾ ਤਰੱਕੀ ਤੇ ਰੋਕ ।<br>ਭਾਰੀ ਦੰਡ | ਸਕੱਤਰ/ਜਨਰਲ ਮੈਨੇਜਰ/ ਮੁੱਖ ਇੰਜੀਨੀਅਰ/ਮੁੱਖ ਲੇਖਾ ਅਫਸਰ ਮੁੱਖ ਲੇਖਾ ਪੜ-ਤਾਲਕਾਰ/ਵਿੱਤੀ-ਸਲਾਹ-ਕਾਰ/ਡੀ.ਆਈ.ਜੀ. (ਚੌਕਸੀ ਤੇ ਸੁਰੱਖਿਆ) | ਪ੍ਰਬੰਧਕੀ ਮੈਂਬਰ |
| -ਉਹੀ- | -ਉਹੀ- | v) ਇਕ ਨਿਸ਼ਚਿਤ ਸਮੇਂ ਤੱਕ ਤਨਖਾਹ ਸਕੇਲ ਦੀ ਹੇਠਲੀ ਪੱਧਰ ਤੱਕ ਰਿਵਰਟ ਕਰਨ ਤੋਂ ਇਲਾਵਾ ਅਜਿਹੇ ਨਿਰਦੇਸ਼ ਕਿ | ਸਕੱਤਰ | ਪ੍ਰਬੰਧਕੀ ਮੈਂਬਰ |

| 1 | 2 | 3 | 4 | 5 |
| --- | --- | --- | --- | --- |
| | | ਕਰਮਚਾਰੀ ਨੂੰ ਅਜਿਹੀ ਰਿਵਰਸ਼ਨ ਦੇ ਸਮੇਂ ਦੇ ਅੰਤਰਗਤ ਵਾਰਸ਼ਿਕ ਵੇਤਨ ਵ੍ਰਿਧੀ ਮਿਲੇਗੀ ਜਾਂ ਨਹੀਂ ਅਤੇ ਅਜਿਹੀ ਅਵਧੀ ਦੀ ਸਮਾਪਤੀ ਤੋਂ ਬਾਅਦ ਰਿਵਰਸ਼ਨ ਦੇ ਕਾਰਨ ਭਵਿੱਖੀ ਵਾਰਸ਼ਿਕ ਵ੍ਰਿਧੀਆਂ ਪ੍ਰਭਾਵੀ ਹੋਣਗੀਆਂ ਜਾਂ ਨਹੀਂ; | | |
| -ਉਹੀ- | -ਉਹੀ- | vi) ਤਨਖਾਹ ਸਕੇਲ, ਗਰੇਡ, ਪਦ ਜਾਂ ਸੇਵਾ ਦੇ ਹੇਠਲੇ ਪੱਧਰ ਤੇ ਰਿਵਰਸ਼ਨ ਜੋ ਸਧਾਰਨ ਤੌਰ ਤੇ ਕਰਮਚਾਰੀ ਦੇ ਉਸ ਤਨਖਾਹ ਸਕੇਲ, ਗਰੇਡ, ਪਦ ਜਾਂ ਸੇਵਾ ਵਿੱਚ ਜਿਸ ਨਾਲ ਉਸ ਨੂੰ ਰਿਵਰਟ ਕੀਤਾ ਗਿਆ ਸੀ, ਪਦ ਉਨਤੀ ਲਈ ਰੁਕਾਵਟ ਹੋਵੇਗੀ ਜਾਂ ਅਜਿਹੇ ਹੋਰ ਨਿਰਦੇਸ਼ਾਂ ਸਮੇਤ ਜਾਂ ਬਿਨਾਂ, ਕਿ ਕਿੰਨ੍ਹਾਂ ਸ਼ਰਤਾਂ ਤੇ ਉਸਨੂੰ ਉਹ ਗਰੇਡ ਜਾਂ ਪਦ ਜਾਂ ਸੇਵਾ ਫਿਰ ਪ੍ਰਾਪਤ ਹੋ ਸਕੇਗੀ ਜਿਸ ਤੋਂ ਉਹ ਕਰਮਚਾਰੀ ਰਿਵਰਟ ਕੀਤਾ ਗਿਆ ਸੀ ਅਤੇ ਉਸ ਗਰੇਡ ਪਦ ਜਾਂ ਸੇਵਾ ਦੇ ਫਿਰ ਪ੍ਰਾਪਤ ਹੋਣ ਤੇ ਉਸ ਦੀ ਸੀਨੀਅਰਤਾ ਅਤੇ ਤਨਖਾਹ ਕੀ ਹੋਵੇਗੀ । | | |
| | | vii) ਲਾਜ਼ਮੀ ਸੇਵਾ ਨਿਵਿਰਤੀ | | |

| 1 | 2 | 3 | 4 | 5 |
|---|---|---|---|---|
| | | viii) ਸੇਵਾ ਤੋਂ ਬਰਤਰਫੀ ਜੋ ਭਵਿੱਖ ਵਿੱਚ ਬੋਰਡ ਦੇ ਅਧੀਨ ਸੇਵਾ ਲਈ ਅਯੋਗਤਾ ਨਹੀਂ ਹੋਵੇਗੀ ।<br>ix)ਸੇਵਾ ਤੋਂ ਬਰਖਾਸਤਗੀ ਜੋ ਸਧਾਰਨ ਤੌਰ ਤੇ ਭਵਿੱਖ ਵਿੱਚ ਬੋਰਡ ਦੇ ਅਧੀਨ ਸੇਵਾ ਦੇ ਲਈ ਅਯੋਗਤਾ ਹੋਵੇਗੀ । | | |
| ਸਰਕਲ ਸੁਪਰਡੈਂਟ/ਹੈੱਡ ਕਲਰਕ, ਸਰਕਲ ਸਹਾਇਕ, ਉੱਚ ਸ਼੍ਰੇਣੀ ਕਲਰਕ, (ਫੀਲਡ ਦਫਤਰਾਂ ਵਿੱਚ ਕੰਮ ਕਰ ਰਹੇ) | ਜਨਰਲ ਮੈਨੇਜਰ/ ਮੁੱਖ ਇੰਜੀਨੀਅਰ | -ਉਹੀ- | ਜਨਰਲ ਮੈਨੇਜਰ/ਮੁੱਖ ਇੰਜੀਨੀਅਰ | ਪ੍ਰਬੰਧਕੀ ਮੈਂਬਰ |
| ਹੇਠਲੀ ਸ਼੍ਰੇਣੀ ਕਲਰਕ/ ਕੈਸ਼ੀਅਰ ਅਤੇ ਰੈਸਟੋਰਰ (ਫੀਲਡ ਦਫਤਰਾਂ ਵਿੱਚ ਕੰਮ ਕਰ ਰਹੇ । | ਨਿਗਰਾਨ ਇੰਜੀਨੀਅਰ | -ਉਹੀ- | ਨਿਗਰਾਨ ਇੰਜੀਨੀਅਰ | ਜਨਰਲ ਮੈਨੇਜਰ/ ਮੁੱਖ ਇੰਜੀਨੀਅਰ |
| ਸਹਾਇਕ ਮਾਲ ਲੇਖਾਕਾਰ | ਮੁੱਖ ਲੇਖਾ ਅਫਸਰ | ਮਾਮੂਲੀ ਦੰਡ<br>i) ਨਿਖੇਧੀ ਕਰਨਾ<br>ii) ਉਸ ਦੀਆਂ ਤਰੱਕੀਆਂ ਰੋਕਣਾ<br>iii) ਅਣ-ਗਹਿਲੀ ਜਾਂ ਆਦੇਸ਼ਾਂ ਦੀ ਉਲੰਘਣਾ ਕਰਨ ਕਰਕੇ ਉਸ ਦੁਆਰਾ ਬੋਰਡ ਨੂੰ ਹੋਈ ਕਿਸੇ ਆਰਥਕ ਸਾਰੀ | ਮੁੱਖ ਲੇਖਾ ਅਫਸਰ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ | ਮੈਂਬਰ/ਵਿੱਤ ਤੇ ਲੇਖਾ |

| 1 | 2 | 3 | 4 | 5 |
| --- | --- | --- | --- | --- |
| | | ਦੀ ਸਾਰੀ ਹਾਨੀ ਜਾਂ ਉਸ ਦੇ ਕਿਸੇ ਭਾਗ ਦੀ ਪੂਰਤੀ ਲਈ ਉਸ ਦੀ ਤਨਖਾਹ ਵਿੱਚੋਂ ਵਸੂਲੀ ਕਰਨਾ । iv) ਸਮੁੱਚੇ ਪ੍ਰਭਾਵ ਤੋਂ ਬਿਨ੍ਹਾਂ ਸਲਾਨਾ ਤਰੱਕੀ ਤੇ ਰੋਕ | | |
| | | ਭਾਰੀ ਦੰਡ | | |
| -ਉਹੀ- | -ਉਹੀ- | v) ਇਕ ਨਿਸ਼ਚਿਤ ਸਮੇਂ ਤੱਕ ਤਨਖਾਹ ਸਕੇਲ ਦੀ ਹੇਠਲੀ ਪੱਧਰ ਤੱਕ ਰਿਵਰਟ ਕਰਨ ਤੋਂ ਇਲਾਵਾ ਅਜਿਹੇ ਨਿਰਦੇਸ਼ ਕਿ ਕਰਮਚਾਰੀ ਨੂੰ ਅਜਿਹੀ ਰਿਵਰਸ਼ਨ ਦੇ ਸਮੇਂ ਦੇ ਅੰਤਰਗਤ ਵਾਰਸ਼ਿਕ ਵੇਤਨ ਵ੍ਰਿਧੀ ਮਿਲੇਗੀ ਜਾਂ ਨਹੀਂ ਅਤੇ ਅਜਿਹੀ ਅਵਧੀ ਦੀ ਸਮਾਪਤੀ ਤੋਂ ਬਾਅਦ ਰਿਵਰਸ਼ਨ ਦੇ ਕਾਰਨ ਭਵਿੱਖੀ ਵਾਰਸ਼ਿਕ ਵ੍ਰਿਧੀਆਂ ਪ੍ਰਭਾਵੀ ਹੋਣਗੀਆਂ ਜਾਂ ਨਹੀਂ; vi) ਤਨਖਾਹ ਸਕੇਲ, ਗਰੇਡ, ਪਦ ਜਾਂ ਸੇਵਾ ਦੇ ਹੇਠਲੇ ਪੱਧਰ ਤੇ ਰਿਵਰਸ਼ਨ ਜੋ ਸਧਾਰਨ ਤੌਰ ਤੇ ਕਰਮਚਾਰੀ ਦੇ ਉਸ ਤਨਖਾਹ ਸਕੇਲ, ਗਰੇਡ, ਪਦ ਜਾਂ ਸੇਵਾ ਵਿੱਚ ਜਿਸ ਨਾਲ ਉਸਨੂੰ ਰਿਵਰਟ ਕੀਤਾ ਗਿਆ ਸੀ, ਪਦ-ਉੱਨਤੀ ਲਈ ਰੁਕਾਵਟ ਹੋਵੇਗੀ ਜਾਂ ਅਜਿਹੇ ਹੋਰ ਨਿਰਦੇਸ਼ਾਂ ਸਮੇਤ | ਮੁੱਖ ਲੇਖਾ ਅਫਸਰ | ਮੈਂਬਰ/ਵਿੱਤ ਤੇ ਲੇਖਾ |

| 1 | 2 | 3 | 4 | 5 |
|---|---|---|---|---|
| | | ਜਾਂ ਬਿਨਾਂ ਕਿ ਕਿੰਨ੍ਹਾਂ ਸ਼ਰਤਾਂ ਤੇ ਉਸਨੂੰ ਉਹ ਗਰੇਡ ਜਾਂ ਪਦ ਜਾਂ ਸੇਵਾ ਫਿਰ ਪ੍ਰਾਪਤ ਹੋ ਸਕੇਗੀ ਜਿਸ ਤੋਂ ਉਹ ਕਰ-ਮਚਾਰੀ ਰਿਵਰਟ ਕੀਤਾ ਗਿਆ ਸੀ ਅਤੇ ਉਸ ਗਰੇਡ, ਪਦ ਜਾਂ ਸੇਵਾ ਦੇ ਫਿਰ ਪ੍ਰਾਪਤ ਹੋਣ ਤੇ ਉਸ ਦੀ ਸੀਨੀਅਰਤਾ ਅਤੇ ਤਨਖਾਹ ਕੀ ਹੋਵੇਗੀ । | | |
| | | vii) ਲਾਜ਼ਮੀ ਸੇਵਾ ਨਿਵਿਰਤੀ | | |
| | | viii) ਸੇਵਾ ਤੋਂ ਬਰਤਰਫੀ ਜੋ ਭਵਿੱਖ ਵਿੱਚ ਬੋਰਡ ਦੇ ਅਧੀਨ ਸੇਵਾ ਲਈ ਅਯੋਗਤਾ ਨਹੀਂ ਹੋਵੇਗੀ । | | |
| | | ix) ਸੇਵਾ ਤੋਂ ਬਰਖਾਸਤਗੀ ਜੋ ਸਧਾਰਨ ਤੌਰ ਤੇ ਭਵਿੱਖ ਵਿੱਚ ਬੋਰਡ ਦੇ ਅਧੀਨ ਸੇਵਾ ਲਈ ਅਯੋਗਤਾ ਹੋਵੇਗੀ । | | |
| | | ਮਾਮੂਲੀ ਦੰਡ | | |
| ਸਰਕਲ ਸਹਾਇਕ, ਉਚੱ ਸ਼੍ਰੇਣੀ ਕਲਰਕ (ਲੇਖਾ-ਪੜਤਾਲ ਕਲਰਕ),ਹੇਠਲੀ ਸ਼੍ਰੇਣੀ ਕਲਰਕ (ਮੁੱਖ ਲੇਖਾ | ਮੁੱਖ ਲੇਖਾ-ਪੜਤਾਲਕਾਰ | I ਤੋਂ IV ਅਨੁਸਾਰ | ਮੁੱਖ ਲੇਖਾ-ਪੜਤਾਲਕਾਰ | ਪ੍ਰਬੰਧਕੀ ਮੈਂਬਰ |

| 1 | 2 | 3 | 4 | 5 |
|---|---|---|---|---|
| ਪੜਤਾਲਕਾਰ ਦੇ ਅਧੀਨ ਫੀਲਡ ਵਿੱਚ ਕੰਮ ਕਰ ਰਹੇ) | | | | |
| -ਉਹੀ- | -ਉਹੀ- | ਭਾਰੀ ਦੰਡ V ਤੋਂ IX ਅਨੁਸਾਰ | -ਉਹੀ- | -ਉਹੀ- |

| Circular no | G.O. No | Page. |
|---|---|---|
| 11/2003 | 892/9.4.2003 | 11 |
| 1/2004 | 911/19.1.2004 | 8 |
| 12/2004 | 920/13.7.04 | 12 |